## ਅਧਿਆਇ 16

# ਉਜਾੜ ਵਿਚ ਭੋਜਨ ਬਿਲਕੁਲ ਨਾ ਹੋਣਾ

ਅਧਿਆਇ 16 ਵਿਚ ਦੂਜੇ ਮੌਕੇ ਦਾ ਜ਼ਿਕਰ ਆਉਂਦਾ ਹੈ ਜਦੋਂ ਉਜਾੜ ਵਿਚ ਇਸਰਾਏਲੀਆਂ ਨੇ ਬੁੜ ਬੁੜ ਕੀਤਾ ਅਤੇ ਦੂਸਰੀ ਵਾਰ ਪਰਮੇਸ਼ੁਰ ਨੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ। ਮਾਰਾਹ ਵਿਖੇ (15:22-25) ਉਨ੍ਹਾਂ ਨੇ ਸ਼ਿਕਾਇਤ ਕੀਤੀ ਕਿਉਂਕਿ ਸੀਨ ਦੀ ਉਜਾੜ ਵਿਚ; ਪਾਣੀ ਕੌੜਾ ਸੀ (ਅਧਿਆਇ 16), ਉਨ੍ਹਾਂ ਨੇ ਭੋਜਨ ਦੀ ਕਮੀ ਦੇ ਕਾਰਣ ਸ਼ਿਕਾਇਤ ਕੀਤੀ।

ਇਸਰਾਏਲੀਆਂ ਦੁਆਰਾ ਮਿਸਰ ਨੂੰ ਛੱਡ ਦੇਣ ਤੋਂ ਪਿੱਛੋਂ, ਉਹ ਸੀਨ ਦੀ ਉਜਾੜ ਵਿਚ ਆਏ; ਉੱਥੇ ਉਹ ਬੁੜ ਬੁੜਾਏ ਕਿਉਂਕਿ ਉਨ੍ਹਾਂ ਦੇ ਕੋਲ ਖਾਣ ਦੇ ਲਈ ਕਾਫੀ ਭੋਜਨ ਨਹੀਂ ਸੀ (16:1, 2)। ਉਹ ਮਿਸਰ ਵਿਚਲੇ ਆਪਣੇ ਦਿਨਾਂ ਵੱਲ ਬਹੁਤ ਹੀ ਚਾਹਤ ਦੇ ਨਾਲ ਵੇਖਦੇ ਸਨ, ਜਦੋਂ ਉਨ੍ਹਾਂ ਦੇ ਕੋਲ ਬਹੁਤਾਇਤ ਦੇ ਨਾਲ ਭੋਜਨ ਹੁੰਦਾ ਸੀ (16:3)।

ਪਰਮੇਸ਼ੁਰ ਨੇ ਮੂਸਾ ਨੂੰ ਇਹ ਕਹਿੰਦੇ ਹੋਏ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਉੱਤਰ ਦਿੱਤਾ ਕਿ ਉਹ ਲੋਕਾਂ ਲਈ "ਅਕਾਸ਼ ਤੋਂ ਰੋਟੀ ਵਰ੍ਹਾ [ਵੇਗਾ]" (16:4)। ਉਨ੍ਹਾਂ ਨੇ ਹਰ ਸਵੇਰ ਨੂੰ ਇਸ ਰੋਟੀ ਨੂੰ ਇਕੱਠਾ ਕਰਨਾ ਹੁੰਦਾ ਸੀ, ਸਿਰਫ ਉਨ੍ਹਾਂ ਹੀ ਜਿਨ੍ਹਾਂ ਇਕ ਦਿਨ ਦੇ ਲਈ (16:4), ਪਰ ਛੇਵੇਂ ਦਿਨ ਉਨ੍ਹਾਂ ਨੇ ਦੋ ਦਿਨਾਂ ਦੇ ਲਈ ਕਾਫ਼ੀ ਭੋਜਨ ਇਕੱਠਾ ਕਰਨਾ ਹੁੰਦਾ ਸੀ (16:5)।

ਉਨ੍ਹਾਂ ਦੇ ਲਈ ਪਰਮੇਸ਼ੁਰ ਦੀ ਯੋਜਨਾ (16:6-8)। ਜਦੋਂ ਹਾਰੂਨ ਲੋਕਾਂ ਨਾਲ ਗੱਲਾਂ ਕਰ ਰਿਹਾ ਸੀ, ਤਾਂ ਪ੍ਰਭੂ ਦੀ ਹਜ਼ੂਰੀ ਇੱਕ ਬੱਦਲ ਦੇ ਰੂਪ ਵਿਚ ਪਰਗਟ ਹੋਈ। ਪਰਮੇਸ਼ੁਰ ਨੇ ਘੋਸ਼ਣਾ ਕੀਤੀ ਕਿ ਉਹ ਲੋਕਾਂ ਨੂੰ ਮਾਸ ਅਤੇ ਰੋਟੀ ਮੁਹੱਈਆ ਕਰਵਾਉਣ ਜਾ ਰਿਹਾ ਸੀ (16:9-12)।

ਮਾਸ ਬਟੇਰਿਆਂ ਦੇ ਰੂਪ ਵਿਚ ਆਇਆ ਜਿਨ੍ਹਾਂ ਨੇ ਛਾਉਣੀ ਨੂੰ ਢੱਲ ਲਿਆ (16:13)। ਸਬਤ ਦੇ ਦਿਨ ਨੂੰ ਛੱਡ ਕੇ ਹਰ ਦਿਨ ਰੋਟੀ ਮੌਜੂਦ ਹੁੰਦੀ ਸੀ। ਲੋਕ ਇਸ ਨੂੰ "ਮੰਨ" ਕਹਿੰਦੇ ਸਨ, ਜਿਸ ਸ਼ਬਦ ਦਾ ਅਰਥ ਹੈ "ਇਹ ਕੀ ਹੈ?" ਉਸ ਮੰਨ ਤੋਂ ਇਲਾਵਾ ਜੋ ਛੇਵੇਂ ਦਿਨ ਇਕੱਠਾ ਕੀਤਾ ਜਾਂਦਾ ਸੀ, ਅਤੇ ਦੋ ਦਿਨ ਚੱਲਦਾ ਸੀ, ਮੰਨ ਸਿਰਫ ਇਕ ਦਿਨ ਦੇ ਲਈ ਤਾਜ਼ਾ ਰਹਿੰਦਾ ਸੀ (16:13-26)। ਇਸਰਾਏਲੀਆਂ ਨੂੰ ਸੱਤਵੇਂ ਦਿਨ, ਸਬਤ ਦੇ ਦਿਨ ਭੋਜਨ ਇਕੱਠਾ ਕਰਨ ਤੋਂ ਮਨਾ ਕੀਤਾ ਗਿਆ ਸੀ, ਕਿਉਂਕਿ ਇਸ ਨੂੰ ਇਕ ਪਵਿੱਤਰ ਦਿਨ ਦੇ ਰੂਪ ਵਿਚ ਘੋਸ਼ਿਤ ਕੀਤਾ ਗਿਆ ਸੀ ਅਤੇ ਇਹ ਇਕ ਅਰਾਮ ਦਾ ਦਿਨ ਬਣ ਗਿਆ ਸੀ (16:22-30)। ਪਰਮੇਸ਼ੁਰ ਦੀ ਹਿਦਾਇਤ ਦੇ ਅਨੁਸਾਰ, ਮੂਸਾ ਦੇ ਕੋਲ ਹਾਰੂਨ ਸੀ ਜਿਸ ਨੇ ਮੰਨ ਦਾ ਇੱਕ ਕੁੱਜਾ ਸਾਂਭ ਲਿਆ ਤਾਂਕਿ "ਸਾਖੀ ਦੇ ਅੱਗੇ" ਰੱਖੇ (16:31-34)। ਇਸਾਏਲੀਆਂ ਨੇ ਉਜਾੜ ਵਿਚ ਆਪਣੇ ਚਾਲੀ ਸਾਲਾਂ ਦੇ ਦੌਰਾਨ ਮੰਨ ਖਾਧਾ (16:35, 36)।

## ਇਸਰਾਏਲੀਆਂ ਦਾ ਬੁੜਬੁੜਾਉਣਾ (16:1-3)

**1ਫੇਰ ਉਨ੍ਹਾਂ ਨੇ ਏਲਿਮ ਤੋਂ ਕੂਚ ਕੀਤਾ ਅਰ ਇਸਰਾਏਲੀਆਂ ਦੀ ਸਾਰੀ ਮੰਡਲੀ ਸੀਨ ਦੀ ਉਜਾੜ ਵਿੱਚ ਜਿਹੜੀ ਏਲਿਮ ਅਤੇ ਸੀਨਈ ਦੇ ਵਿਚਕਾਰ ਹੈ ਦੂਜੇ ਮਹੀਨੇ ਦੇ ਪੰਦਰਵੇਂ ਦਿਨ ਉਨ੍ਹਾਂ**

**ਦੇ ਮਿਸਰ ਦੇਸ ਤੋਂ ਨਿੱਕਲਣ ਦੇ ਮਗਰੋਂ ਆਈ। [2]ਅਰ ਇਸਰਾਏਲੀਆਂ ਦੀ ਸਾਰੀ ਮੰਡਲੀ ਮੂਸਾ ਅਤੇ ਹਾਰੂਨ ਨਾਲ ਉਜਾੜ ਵਿੱਚ ਕੁੜ੍ਹਣ ਲੱਗੀ। [3]ਅਰ ਇਸਰਾਏਲੀਆਂ ਨੇ ਉਨ੍ਹਾਂ ਨੂੰ ਆਖਿਆ, ਸਾਨੂੰ ਮਿਸਰ ਦੇਸ ਵਿੱਚ ਯਹੋਵਾਹ ਦੇ ਹੱਥੋਂ ਕਿਉਂ ਨਾ ਮਰ ਜਾਣ ਦਿੱਤਾ ਜਦ ਅਸੀਂ ਮਾਸ ਦੀਆਂ ਤੌੜੀਆਂ ਕੋਲ ਬੈਠਦੇ ਅਤੇ ਰੱਜ ਕੇ ਰੋਟੀ ਖਾਂਦੇ ਸਾਂ? ਪਰ ਤੁਸੀਂ ਸਾਨੂੰ ਏਸ ਉਜਾੜ ਵਿੱਚ ਕੱਢ ਲਿਆਏ ਹੋ ਤਾਂ ਤੁਸੀਂ ਏਸ ਸਾਰੀ ਸਭਾ ਨੂੰ ਭੁੱਖ ਨਾਲ ਮਾਰ ਸੁੱਟੋ।**

**ਆਇਤ 1. ਏਲਿਮ** ਤੋਂ ਕੂਚ ਕਰਨ ਤੋਂ ਬਾਅਦ, ਇਸਰਾਏਲੀਆਂ ਦੀ ਸਾਰੀ ਮੰਡਲੀ **ਸੀਨ ਦੀ ਉਜਾੜ ਵਿੱਚ ... ਆਈ।** ਇਸ ਖੇਤਰ ਦਾ ਸਟੀਕ ਸਥਾਨ ਅਨਿਸ਼ਚਤ ਹੈ।[1] ਹਾਲਾਂਕਿ ਇਬਰਾਨੀ ਨਾਮ ਸਮਾਨ ਹੈ, ਪਰ “ਸੀਨ ਦੀ ਉਜਾੜ” ਸੀਨਈ ਪਹਾੜ ਨਹੀਂ ਹੈ। ਇਸਰਾਏਲੀ **ਮਿਸਰ ਦੇਸ** ਤੋਂ ਨਿਕਲਣ ਤੋਂ ਬਾਅਦ **ਦੂਜੇ ਮਹੀਨੇ ਦੇ ਪੰਦਰਵੇਂ ਦਿਨ** ਉੱਥੇ ਪਹੁੰਚੇ। ਇਹ ਮੰਨਦੇ ਹੋਏ ਕਿ ਪਹਿਲੇ ਮਹੀਨੇ ਦੀ ਚੌਦਾਂ ਤਰੀਕ ਦੀ ਸ਼ਾਮ ਨੂੰ ਆਖਰੀ ਬਵਾ ਅਤੇ ਪਸਾਹ ਹੋਇਆ ਸੀ (12:2, 6, 12), ਉਨ੍ਹਾਂ ਦੇ ਮਿਸਰ ਵਿਚੋਂ ਨਿਕਲਣ ਤੋਂ ਬਾਅਦ ਇਕ ਮਹੀਨਾ ਬੀਤ ਚੁੱਕਾ ਸੀ। ਉਸ ਸਮੇਂ ਦਾ ਵਧੇਰੇ ਹਿੱਸਾ ਏਲਿਮ ਵੀ ਬੀਤਿਆ ਹੋਵੇਗਾ, ਅਤੇ ਸੀਨ ਦੀ ਉਜਾੜ ਵਿਚ ਆਉਣ ਤੋਂ ਪਹਿਲਾਂ ਉਹ ਸਥਾਨਾਂ ਤੇ ਵੀ ਠਹਿਰੇ ਹੋਣਗੇ (ਗਿਣਤੀ 33:11-14 ਨੂੰ ਵੇਖੋ)।

**ਆਇਤ 2.** ਜਦੋਂ ਇਸਰਾਏਲੀਆਂ ਨੂੰ ਭੋਜਨ ਨਹੀਂ ਮਿਲਿਆ, ਤਾਂ ਉਹ **ਮੂਸਾ ਅਤੇ ਹਾਰੂਨ ਨਾਲ ਉਜਾੜ ਵਿੱਚ ਕੁੜ੍ਹਣ ਲੱ** (ਗੇ)। ਜਿਹੜੀਆਂ ਖਾਣ ਪੀਣ ਦੀਆਂ ਵਸਤੂਆਂ ਉਹ ਆਪਣੇ ਨਾਲ ਲਿਆਏ ਸਨ ਉਹ ਇੱਕ ਵਿਸਤ੍ਰਿਤ ਯਾਤਰਾ ਦੇ ਲਈ ਕਾਫ਼ੀ ਸਨ। ਉਨ੍ਹਾਂ ਦੇ ਕੋਲ ਜਾਨਵਰ ਸਨ, ਪਰ ਉਹ ਆਪਣੇ ਪ੍ਰਜਨਨ ਵਾਲੇ ਜਾਨਵਰਾਂ ਨੂੰ ਖਾਣ ਦਾ ਜੋਖਿਮ ਨਹੀਂ ਉਠਾ ਸਕਦੇ ਸਨ। ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ **ਸਾਰੀ ਮੰਡਲੀ** ਇਸ ਕੁੜਕੁੜ੍ਹਾਹਟ ਵਿਚ ਸ਼ਾਮਲ ਸੀ; ਸਪੱਸ਼ਟ ਤੌਰ ਤੇ, ਸਿਰਫ ਆਗੂਆਂ ਨੇ ਹੀ ਨਹੀਂ ਸਗੋਂ, ਹਰ ਕਿਸੇ ਨੇ ਸ਼ਿਕਾਇਤ ਕੀਤੀ ਸੀ। ਉਨ੍ਹਾਂ ਨੇ ਭੋਜਨ ਦੀ ਘਾਟ ਦੇ ਲਈ ਮੂਸਾ ਅਤੇ ਹਾਰੂਨ ਨੂੰ ਜ਼ਿੰਮੇਵਾਰ ਠਹਿਰਾਇਆ। ਜਦਕਿ ਭੁੱਖ ਸਮਝਣ ਯੋਗ ਹੈ, ਪਰ ਲੋਕਾਂ ਦੀਆਂ ਸ਼ਿਕਾਇਤਾਂ ਸਵੀਕਾਰਯੋਗ ਰਵੱਈਏ ਤੋਂ ਬਾਹਰ ਸਨ।

**ਆਇਤ 3.** ਇਸਰਾਏਲੀਆਂ ਨੇ ਫਿਰ ਇਹ ਦਾਅਵਾ ਕੀਤਾ ਕਿ ਉਹ **ਮਿਸਰ** ਵਿਚ ਰਹਿਣ, ਸਗੋਂ ਉੱਥੇ ਮਰ ਜਾਣ ਨੂੰ ਪਸੰਦ ਕਰਣਗੇ (14:11, 12 ਨੂੰ ਵੇਖੋ)। ਉਨ੍ਹਾਂ ਨੇ ਤਰਕ ਦਿੱਤਾ ਕਿ, ਪਿੱਛੇ ਮਿਸਰ ਵਿਚ, ਬਹੁਤ ਸਾਰਾ ਭੋਜਨ ਹੁੰਦਾ ਸੀ: **ਜਦ ਅਸੀਂ ਮਾਸ ਦੀਆਂ ਤੌੜੀਆਂ ਕੋਲ ਬੈਠਦੇ ਅਤੇ ਰੱਜ ਕੇ ਰੋਟੀ ਖਾਂਦੇ ਸਾਂ?** ਇਕ ਹੋਰ ਮੌਕੇ ਤੇ, ਇਸਰਾਏਲ ਵਿਚਲੇ ਵਿਦਰੋਹੀਆਂ ਨੇ ਵੀ ਸ਼ਿਕਾਇਤ ਕੀਤੀ ਕਿ ਉਹ ਹੁਣ ਉਸ ਭੋਜਨ ਦਾ ਅਨੰਦ ਨਹੀਂ ਮਾਣਦੇ ਹਨ: ਮੱਛੀਆਂ, ਖੀਰੇ, ਖ਼ਰਬੂਜੇ, ਗੰਦਨੇ, ਪਿਆਜ਼ ਅਰ ਲਸਣ (ਗਿਣਤੀ 11:5)।

ਲੋਕਾਂ ਦੀ **ਭੁੱਖ** ਨੇ ਉਨ੍ਹਾਂ ਦੀ ਗ਼ੁਲਾਮੀ ਦੀ ਯਾਦ ਨੂੰ ਧੁੰਧਲਾ ਕਰਕੇ, ਉਨ੍ਹਾਂ ਨੂੰ ਉਨ੍ਹਾਂ ਦੇ ਛੁਟਕਾਰੇ ਨੂੰ ਭੁਲਾ ਦਿੱਤਾ, ਅਤੇ ਉਨ੍ਹਾਂ ਦੇ ਦਿਲਾਂ ਵਿਚੋਂ ਧੰਨਵਾਦੀ ਦਿਲ ਨੂੰ ਕੱਢ ਦਿੱਤਾ। ਜਿਸ ਦੇ ਨਤੀਜੇ ਵਜੋਂ, ਉਨ੍ਹਾਂ ਨੇ ਮੂਸਾ ਅਤੇ ਹਾਰੂਨ ਤੇ ਦੋਸ਼ ਲਾਇਆ ਕਿ ਉਹ ਉਨ੍ਹਾਂ ਨੂੰ **ਮਾਰ** (ਸੁੱਟਣ) ਦੇ ਲਈ **ਉਜਾੜ** ਵਿਚ ਲੈ ਆਏ ਸਨ। ਇਨ੍ਹਾਂ ਸਾਰੇ ਚਮਤਕਾਰਾਂ ਦੇ ਬਾਵਜੂਦ ਜੋ ਪਰਮੇਸ਼ੁਰ ਨੇ ਕੀਤੇ ਸਨ, ਲੋਕ ਇਸ ਗੱਲ ਤੇ ਭਰੋਸਾ ਨਾ ਕਰ ਸਕੇ ਕਿ ਉਹ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰੇਗਾ।

## ਪਰਮੇਸ਼ੁਰ ਦੁਆਰਾ ਰੋਟੀ ਦੇਣ ਦਾ ਵਾਇਦਾ ਕਰਨਾ (16:4-8)

**[4]ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, ਵੇਖੋ ਮੈਂ ਤੁਹਾਡੇ ਲਈ ਅਕਾਸ਼ ਤੋਂ ਰੋਟੀ ਵਰ੍ਹਾਵਾਂਗਾ ਅਰ ਪਰਜਾ ਬਾਹਰ ਜਾਕੇ ਇੱਕ ਦਿਨ ਦਾ ਸੀਧਾ ਉਸੇ ਦਿਨ ਵਿੱਚ ਇਕੱਠਾ ਕਰੇ ਤਾਂ ਜੋ ਮੈਂ ਉਹ ਨੂੰ**

**ਪਰਖਾਂ ਭਈ ਉਹ ਮੇਰੀ ਬਿਵਸਥਾ ਉੱਤੇ ਚੱਲਦੀ ਹੈ ਕਿ ਨਹੀਂ। [5]ਅਰ ਐਉਂ ਹੋਵੇਗਾ ਕਿ ਛੇਵੇਂ ਦਿਨ ਜੋ ਓਹ ਲਿਆਉਣਗੇ ਓਹ ਉਹ ਨੂੰ ਤਿਆਰ ਕਰਨ ਅਤੇ ਉਹ ਉਸ ਤੋਂ ਦੁੱਗਣਾ ਹੋਵੇਗਾ ਜਿਹੜਾ ਓਹ ਨਿੱਤ ਇਕੱਠਾ ਕਰਨਗੇ। [6]ਫੇਰ ਮੂਸਾ ਅਤੇ ਹਾਰੂਨ ਨੇ ਸਾਰੇ ਇਸਰਾਏਲੀਆਂ ਨੂੰ ਆਖਿਆ, ਤੁਸੀਂ ਸ਼ਾਮਾਂ ਨੂੰ ਜਾਣੋਗੇ ਕਿ ਯਹੋਵਾਹ ਹੀ ਤੁਹਾਨੂੰ ਮਿਸਰ ਦੇਸ ਤੋਂ ਬਾਹਰ ਲਿਆਇਆ ਹੈ। [7]ਤੁਸੀਂ ਸਵੇਰ ਨੂੰ ਯਹੋਵਾਹ ਦਾ ਪਰਤਾਪ ਵੇਖੋਗੇ ਕਿਉਂ ਕਿ ਜੋ ਕੁਝ ਤੁਸੀਂ ਯਹੋਵਾਹ ਉੱਤੇ ਕੁੜ੍ਹਦੇ ਹੋ ਉਹ ਸੁਣਦਾ ਹੈ ਅਰ ਅਸੀਂ ਕੀ ਹਾਂ ਜੋ ਤੁਸੀਂ ਸਾਡੇ ਉੱਤੇ ਕੁੜ੍ਹਦੇ ਹੋ? [8]ਮੂਸਾ ਨੇ ਆਖਿਆ, ਐਉਂ ਹੋਵੇਗਾ ਕਿ ਯਹੋਵਾਹ ਤੁਹਾਨੂੰ ਸ਼ਾਮਾਂ ਨੂੰ ਮਾਸ ਖਾਣ ਨੂੰ ਦੇਵੇਗਾ ਅਤੇ ਸਵੇਰ ਨੂੰ ਰੱਜਵੀ ਰੋਟੀ। ਯਹੋਵਾਹ ਤੁਹਾਡਾ ਕੁੜ੍ਹਣਾ ਸੁਣਦਾ ਹੈ ਜਿਹੜਾ ਤੁਸੀਂ ਉਸ ਉੱਤੇ ਕੁੜ੍ਹਦੇ ਹੋ ਪਰ ਅਸੀਂ ਕੀ ਹਾਂ? ਤੁਹਾਡਾ ਕੁੜ੍ਹਣਾ ਸਾਡੇ ਉੱਤੇ ਨਹੀਂ ਸਗੋਂ ਯਹੋਵਾਹ ਉੱਤੇ ਹੈ।**

**ਆਇਤਾਂ 4, 5. ਯਹੋਵਾਹ** ਨੇ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣਿਆ ਪਰ, ਇਸ ਦੀ ਬਜਾਇ ਕਿ ਉਹ ਉਨ੍ਹਾਂ ਨੂੰ ਸਜ਼ਾ ਦਿੰਦਾ ਸ਼ਾਇਦ ਉਹ ਜਿਸ ਦੇ ਯੋਗ ਸਨ, ਉਸ ਨੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ। ਪੀਟਰ ਐਨਸ ਨੇ ਲੋਕਾਂ ਦੁਆਰਾ ਮੂਸਾ ਅਤੇ ਹਾਰੂਨ ਦੇ ਵਿਰੁੱਧ ਲਾਏ ਗਏ ਦੋਸ਼ਾਂ ਤੇ ਟਿੱਪਣੀ ਕੀਤੀ ਅਤੇ ਫਿਰ ਕਿਹਾ, "ਕਿ ਸ਼ਾਇਦ, ਇਸ ਤੋਂ ਵੀ ਵੱਧ ਹੈਰਾਨੀ ਵਾਲੀ ਗੱਲ ਉਹ ਉੱਤਰ ਹੈ ਜੋ ਪਰਮੇਸ਼ੁਰ ਦਿੰਦਾ ਹੈ। ਉਨ੍ਹਾਂ ਨੂੰ ਸਜ਼ਾ ਦੇਣ ਦੀ ਬਜਾਇ, ਉਸ ਨੇ ਸਵਰਗ ਤੋਂ ਰੋਟੀ ਨੂੰ ਵਰ੍ਹਾਇਆ (ਆਇਤ 4)। ਜੇਕਰ ਪੁਰਾਣੇ ਨੇਮ ਵਿਚ ਪਰਮੇਸ਼ੁਰ ਦੀ ਕਿਰਪਾ ਨੂੰ ਜਾਣਨ ਦੀ ਲੋੜ ਹੈ, ਤਾਂ ਉਨ੍ਹਾਂ ਨੂੰ ਸਿਰਫ ਇੱਥੇ ਵੇਖਣ ਦੀ ਲੋੜ ਹੈ!"[2]

ਪਰਮੇਸ਼ੁਰ ਨੇ **ਮੂਸਾ** ਨੂੰ ਕਿਹਾ ਕਿ ਉਹ ਇਸਰਾਏਲੀਆਂ ਦੇ ਲਈ **ਅਕਾਸ਼ ਤੋਂ ਰੋਟੀ ਵਰ੍ਹਾ** [**ਵੇਗਾ**]। ਫਿਰ ਇਸ ਰੋਟੀ ਨੂੰ **ਇਕੱਠਾ** ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਆਪਣੀ ਹੋਵੇਗੀ। **ਛੇਵੇਂ ਦਿਨ** ਤੋਂ ਇਲਾਵਾ ਜਿਸ ਵਿਚ ਉਨ੍ਹਾਂ ਨੂੰ ਦੋ ਦਿਨਾਂ ਦੇ ਲਈ ਇਕੱਠਾ ਕਰਨਾ ਹੁੰਦਾ ਸੀ ਤਾਂ ਕਿ ਉਨ੍ਹਾਂ ਨੂੰ ਸਬਤ ਦੇ ਦਿਨ ਉਹ ਕੰਮ ਨਾ ਕਰਨਾ ਪਵੇ, ਉਨ੍ਹਾਂ ਨੂੰ ਹਰ ਰੋਜ਼ ਉੱਨਾ ਹੀ ਇਕੱਠਾ ਕਰਨਾ ਪੈਂਦਾ ਸੀ ਜਿੰਨਾ ਉਸ **ਦਿਨ** ਲਈ ਕਾਫੀ ਹੋਵੇ (16:22-26)।

ਪਰਮੇਸ਼ੁਰ ਦੇ ਦੁਆਰਾ ਰੋਟੀ ਦਾ ਪ੍ਰਬੰਧ ਕੀਤਾ ਜਾਣਾ ਲੋਕਾਂ ਦੀ ਇੱਕ **ਪਰ** [**ਖ**] ਹੋਵੇਗੀ, ਇਸ ਦੇ ਦੁਆਰਾ ਉਹ ਵੇਖੇਗਾ ਕਿ **ਉਹ** [ਉਸ ਦੀ] **ਬਿਵਸਥਾ ਉੱਤੇ ਚੱਲ** [ਣਗੇ] **ਕਿ ਨਹੀਂ।** ਕੀ ਉਹ ਇਸ ਗੱਲ ਤੇ ਭਰੋਸਾ ਕਰਣਗੇ ਕਿ ਪ੍ਰਭੂ ਉਨ੍ਹਾਂ ਨੂੰ ਹਰ ਰੋਜ਼ ਰੋਟੀ ਮੁਹੱਈਆ ਕਰਵਾਵੇਗਾ, ਜਾਂ ਕੀ ਉਹ ਇੱਕ ਦਿਨ ਲਈ ਕਾਫੀ ਤੋਂ ਵੱਧ ਇਕੱਠਾ ਕਰਣਗੇ? ਕੀ ਉਹ ਉਸ ਉੱਤੇ ਵਿਸ਼ਵਾਸ ਕਰਣਗੇ ਕਿ ਕੀ ਉਹ ਛੇਵੇਂ ਦਿਨ ਇੰਨੀ ਰੋਟੀ ਪ੍ਰਦਾਨ ਕਰੇਗਾ ਕਿ ਸੱਤਵੇਂ ਦਿਨ ਤੱਕ ਦੇ ਲਈ ਕਾਫੀ ਹੋਵੇ? ਜਿਨ੍ਹਾਂ ਲੋਕਾਂ ਨੇ ਪਰਮੇਸ਼ੁਰ ਦੀ "ਬਿਵਸਥਾ" ਦੇ ਅਨੁਸਾਰ ਨਹੀਂ ਕੀਤਾ ਉਨ੍ਹਾਂ ਨੇ ਇਸ ਗੱਲ ਨੂੰ ਸਾਬਤ ਕੀਤਾ ਕਿ ਉਹ ਪ੍ਰਭੂ ਤੇ ਭਰੋਸਾ ਨਹੀਂ ਕਰਦੇ ਸਨ; ਉਹ ਪਰਖ ਵਿਚ ਅਸਫਲ ਰਹੇ (16:20, 27)। ਇਸ "ਬਿਵਸਥਾ" ਦੇ ਲਈ ਜੋ ਇਬਰਾਨੀ ਸ਼ਬਦ ਇਸਤੇਮਾਲ ਕੀਤਾ ਗਿਆ ਹੈ ਉਹ תּוֹרָה *(ਤੋਰਹ)* ਹੈ, ਜੋ "ਸ਼ਰਾ" ਦੇ ਲਈ ਇਕ ਸ਼ਬਦ ਹੈ। ਇਸ ਲਈ, ਇਹ ਹਵਾਲਾ ਦਿਮਾਗ ਵਿਚ ਉਸ ਸ਼ਰਾ ਨੂੰ ਲਿਆਉਂਦਾ ਹੈ ਜੋ ਇਸਰਾਏਲ ਨੂੰ ਬਹੁਤ ਜਲਦੀ ਸੀਨਈ ਪਹਾੜ ਤੋਂ ਦਿੱਤਾ ਜਾਣਾ ਸੀ।

**ਆਇਤਾਂ 6-8. ਮੂਸਾ ਅਤੇ ਹਾਰੂਨ** ਨੇ ਲੋਕਾਂ ਨਾਲ ਗੱਲ ਕੀਤੀ ਕਿ **ਯਹੋਵਾਹ** ਨੇ ਉਨ੍ਹਾਂ ਦਾ **ਕੁੜ੍ਹਣਾ** ਸੁਣਿਆ ਸੀ। **ਸ਼ਾਮਾਂ** ਨੂੰ, ਉਹ ਜਾਣ ਲੈਣਗੇ ਕਿ ਪ੍ਰਭੂ [ਉਨ੍ਹਾਂ ਨੂੰ] **ਮਿਸਰ ਦੇਸ ਤੋਂ ਬਾਹਰ ਲਿਆਇਆ** ਹੈ, ਜਦੋਂ ਉਹ ਉਸ **ਮਾਸ** ਨੂੰ ਪ੍ਰਾਪਤ ਕਰਣਗੇ ਜੋ ਉਸ ਨੇ ਉਨ੍ਹਾਂ ਦੇ ਰਾਹ ਵਿਚ ਭੇਜਿਆ ਸੀ। **ਸਵੇਰ ਨੂੰ** ਉਹ **ਯਹੋਵਾਹ ਦਾ ਪਰਤਾਪ** ਵੇਖਣਗੇ। ਇਹ ਭਵਿੱਖਵਾਣੀ ਉਸ ਸਮੇਂ ਪੂਰੀ ਹੋ ਸਕਦੀ ਹੈ ਜਦੋਂ ਉਨ੍ਹਾਂ ਨੇ ਉਸ ਭੋਜਨ ਨੂੰ ਪ੍ਰਾਪਤ ਕੀਤਾ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਮੁਹੱਈਆ ਕੀਤਾ ਸੀ,[3] ਜਾਂ ਇਹ ਉਸ ਸਮੇਂ ਪੂਰੀ ਹੋ ਸਕਦੀ ਹੈ ਜਦੋਂ ਯਹੋਵਾਹ "ਬੱਦਲ ਵਿੱਚ" ਉਨ੍ਹਾਂ ਤੇ ਪਰਗਟ ਹੋਇਆ

ਸੀ (16:10)। ਮੂਸਾ ਅਤੇ ਹਾਰੂਨ ਦੇ ਸ਼ਬਦਾਂ ਵਿਚ ਘੱਟੋ ਘੱਟ ਇਕ ਹਲਕੀ ਜਿਹੀ ਫਟਕਾਰ ਜਾਂ ਚੇਤਾਵਨੀ ਸ਼ਾਮਲ ਸੀ। ਉਨ੍ਹਾਂ ਨੇ ਇਸ ਗੱਲ ਨੂੰ ਨਿਸ਼ਚਤ ਕੀਤਾ ਕਿ **ਇਸਰਾਏਲੀਆਂ** (ਇਸਰਾਏਲ) ਜਾਣ ਲਵੇ ਕਿ ਪਰਮੇਸ਼ੁਰ ਜੋ ਉਨ੍ਹਾਂ ਨੂੰ ਮਿਸਰ ਤੋਂ ਬਾਹਰ ਕੱਢ ਲਿਆਇਆ ਹੈ ਉਸ ਨੇ ਉਨ੍ਹਾਂ ਦਾ ਕੁੜ੍ਹਣਾ ਸੁਣਿਆ ਸੀ ਅਤੇ ਇਹ ਕਿ ਉਨ੍ਹਾਂ ਦਾ ਅਸੰਤੋਸ਼ ਸਿਰਫ ਮੂਸਾ ਅਤੇ ਹਾਰੂਨ ਦੇ ਵਿਰੁੱਧ ਹੀ ਨਹੀਂ ਸੀ, ਸਗੋਂ ਪਰਮੇਸ਼ੁਰ ਦੇ ਵਿਰੋਧ ਵਿਚ ਵੀ ਸੀ (16:18)।

## ਪਰਮੇਸ਼ੁਰ ਦੇ ਪਰਤਾਪ ਦਾ ਪਰਗਟ ਹੋਣਾ (16:9-12)

**[9]ਤਾਂ ਮੂਸਾ ਨੇ ਹਾਰੂਨ ਨੂੰ ਆਖਿਆ, ਇਸਰਾਏਲੀਆਂ ਦੀ ਸਾਰੀ ਮੰਡਲੀ ਨੂੰ ਆਖ ਭਈ ਯਹੋਵਾਹ ਦੇ ਨੇੜੇ ਆਓ ਕਿਉਂ ਜੋ ਉਸ ਨੇ ਤੁਹਾਡਾ ਕੁੜ੍ਹਣਾ ਸੁਣਿਆ। [10]ਤਾਂ ਐਉਂ ਹੋਇਆ ਕਿ ਜਦ ਹਾਰੂਨ ਇਸਰਾਏਲ ਦੀ ਸਾਰੀ ਮੰਡਲੀ ਨਾਲ ਬੋਲਦਾ ਸੀ ਤਾਂ ਉਨ੍ਹਾਂ ਉਜਾੜ ਵੱਲ ਮੁਹਾਣਾ ਮੋੜਿਆ ਅਤੇ ਵੇਖੋ ਯਹੋਵਾਹ ਦਾ ਪਰਤਾਪ ਬੱਦਲ ਵਿੱਚ ਵਿਖਲਾਈ ਦਿੱਤਾ। [11]ਯਹੋਵਾਹ ਮੂਸਾ ਨੂੰ ਏਹ ਬੋਲਿਆ, [12]ਮੈਂ ਇਸਰਾਏਲੀਆਂ ਦਾ ਕੁੜ੍ਹਣਾ ਸੁਣਿਆ। ਇਨ੍ਹਾਂ ਨੂੰ ਆਖ ਕਿ ਸ਼ਾਮਾਂ ਨੂੰ ਤੁਸੀਂ ਮਾਸ ਖਾਓਗੇ ਅਤੇ ਸਵੇਰ ਨੂੰ ਤੁਸੀਂ ਰੋਟੀ ਨਾਲ ਰੱਜ ਜਾਓਗੇ ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।**

**ਆਇਤਾਂ 9, 10.** ਜਾਂ ਤਾਂ ਉਸੇ ਇਕੱਠ ਵਿਚ ਜਾਂ ਇਕ ਬਾਅਦ ਦੀ ਬੈਠਕ ਵਿਚ ("ਸਵੇਰੇ") **ਮੂਸਾ** ਨੇ **ਹਾਰੂਨ** ਨੂੰ ਹਿਦਾਇਤ ਦਿੱਤੀ ਕਿ ਲੋਕਾਂ ਨੂੰ ਕਹਿ ਕਿ **ਯਹੋਵਾਹ ਦੇ ਨੇੜੇ ਆਓ।** ਜਦੋਂ ਉਹ ਉਸ ਦੇ ਨੇੜੇ ਆਏ, **ਯਹੋਵਾਹ ਦਾ ਪਰਤਾਪ ਬੱਦਲ ਵਿੱਚ ਵਿਖਲਾਈ ਦਿੱਤਾ**, ਅਤੇ ਪਰਮੇਸ਼ੁਰ ਆਪ ਬੋਲਿਆ।

ਪਰਮੇਸ਼ੁਰ ਦਾ ਪਰਤਾਪ ਅੱਗੇ ਅਤੇ ਪਿੱਛੇ ਦੋਵੇਂ ਪਾਸੇ ਦਿਖਾਈ ਦਿੰਦਾ ਸੀ। ਪਿੱਛੇ ਵੇਖਦੇ ਹੋਏ, ਇਹ ਇਸ ਤੱਥ ਨੂੰ ਯਾਦ ਕਰਾਉਂਦਾ ਹੈ ਕਿ ਯਹੋਵਾਹ ਇਕ ਬੱਦਲ ਦੇ ਵਿਚ ਇਸਰਾਏਲ ਦੇ ਸਾਹਮਣੇ ਗਿਆ (13:21, 22; 14:19)। ਅੱਗੇ ਵੇਖਦੇ ਹੋਏ, ਇਹ "ਗਹਿਰੇ ਬੱਦਲ" ਵਿਚ ਸੀਨੈ ਪਹਾੜ ਤੇ ਪਰਮੇਸ਼ੁਰ ਦੇ ਨਾਲ ਪਰਮੇਸ਼ੁਰ ਦੇ ਦਰਸ਼ਣ ਦੀ (19:16; 20:21) ਅਤੇ ਸੰਪੂਰਣ ਤੰਬੂ ਵਿਚ ਇਕ ਬੱਦਲ ਵਿਚ ਉਸਦੀ ਮੌਜੂਦਗੀ ਦੀ ਆਸ ਕਰਦਾ ਹੈ (40:34-38)। ਕੂਚ 16 ਅਧਿਆਇ ਵਿਚ ਪਰਮੇਸ਼ੁਰ ਦਾ ਲੋਕਾਂ ਤੇ ਪਰਗਟ ਹੋਣਾ ਸ਼ਾਇਦ ਇਸ ਲਈ ਸੀ ਕਿ ਇਸਰਾਏਲੀਆਂ ਨੂੰ ਇਸ ਗੱਲ ਲਈ ਪ੍ਰਭਾਵਿਤ ਕੀਤਾ ਜਾ ਸਕੇ ਕਿ ਪਰਮੇਸ਼ੁਰ ਦੇ ਵਚਨ ਨੂੰ ਮੰਨਣਾ ਕਿੰਨਾ ਮਹੱਤਵਪੂਰਣ ਹੈ। ਇਹ ਉਨ੍ਹਾਂ ਲੋਕਾਂ ਦੀ ਮੌਜੂਦਗੀ ਵਿਚ ਮੂਸਾ ਅਤੇ ਹਾਰੂਨ ਦੇ ਅਧਿਕਾਰ ਦੀ ਪੁਸ਼ਟੀ ਕਰਨ ਦੇ ਲਈ ਵੀ ਹੋ ਸਕਦਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਵਿਰੁੱਧ ਸ਼ਿਕਾਇਤ ਕੀਤੀ ਸੀ।[4]

**ਆਇਤ 11.** ਜਦਕਿ **ਯਹੋਵਾਹ ਮੂਸਾ ਨੂੰ ਏਹ ਬੋਲਿਆ**, ਪਰ ਲਿਖਤ ਵਧੇਰੇ ਚੰਗੀ ਤਰ੍ਹਾਂ ਸਮਝ ਵਿਚ ਆਉਂਦੀ ਹੈ ਜੇਕਰ ਇਸ ਦਾ ਅਰਥ ਇਹ ਸਮਝਿਆ ਜਾਵੇ ਕਿ ਇਸ ਮੌਕੇ ਤੇ, ਜਦੋਂ "ਯਹੋਵਾਹ ਦਾ ਪਰਤਾਪ ਵਿਖਲਾਈ ਦਿੱਤਾ," ਤਾਂ ਪਰਮੇਸ਼ੁਰ ਦੇ ਦੁਆਰਾ ਮੂਸਾ ਨੂੰ ਬੋਲੇ ਗਏ ਸ਼ਬਦ ਪੂਰੀ ਮੰਡਲੀ ਦੁਆਰਾ ਸੁਣੇ ਗਏ ਸਨ। ਇਹ ਵਿਆਖਿਆ ਘਟਨਾਵਾਂ ਦੇ ਹੇਠ ਲਿਖੇ ਕ੍ਰਮ ਦੀ ਇਜਾਜ਼ਤ ਦਿੰਦੀ ਹੈ: (1) ਲੋਕ ਕੁੜ੍ਹਕੁੜਾਏ (16:2, 3)। (2) ਪਰਮੇਸ਼ੁਰ ਨੇ ਮੂਸਾ ਨੂੰ ਮੰਨ ਦੇ ਵਿਸ਼ੇ ਵਿਚ ਨਿਰਦੇਸ਼ ਦਿੰਦੇ ਹੋਏ, ਉਸ ਦੇ ਨਾਲ ਵਿਅਕਤੀਗਤ ਤੌਰ ਤੇ ਗੱਲ ਕੀਤੀ (16:4, 5)। (3) ਮੂਸਾ ਅਤੇ ਹਾਰੂਨ ਨੇ ਮੰਡਲੀ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ (16:6-8)। (4) ਮੰਡਲੀ ਦੇ ਇਕੱਠੇ ਹੋਣ ਤੋਂ ਬਾਅਦ, ਜਾਂ ਬਾਅਦ ਦੀ ਬੈਠਕ ਵਿਚ, ਮੂਸਾ ਨੇ ਹਾਰੂਨ ਨੂੰ ਕਿਹਾ ਕਿ ਲੋਕਾਂ ਨੂੰ "ਯਹੋਵਾਹ ਦੇ ਨੇੜੇ" ਇਕੱਠਾ ਕਰੋ (16:9)। (5) ਇਸ ਬਿੰਦੂ ਤੇ, ਯਹੋਵਾਹ ਦਾ

ਪਰਤਾਪ ਬੱਦਲ ਵਿੱਚ ਵਿਖਲਾਈ ਦਿੱਤਾ (16:10)। (6) ਲੋਕਾਂ ਦੇ ਸੁਣਦੇ ਹੋਏ, ਪਰਮੇਸ਼ੁਰ ਨੇ ਲੋਕਾਂ ਦੇ ਲਾਭ ਦੇ ਲਈ ਮੂਸਾ ਦੇ ਨਾਲ ਗੱਲ ਕੀਤੀ (16:11, 12)।

**ਆਇਤ 12.** ਪਰਮੇਸ਼ੁਰ ਦੁਆਰਾ ਮੂਸਾ ਨੂੰ - ਅਤੇ, ਮੂਸਾ ਦੇ ਦੁਆਰਾ, ਲੋਕਾਂ ਨੂੰ - ਇਹ ਸੰਦੇਸ਼ ਸੀ ਕਿ ਇਸਰਾਏਲ ਦੇ ਲਈ ਪਰਮੇਸ਼ੁਰ ਭੋਜਨ (**ਮਾਸ** ਅਤੇ **ਰੋਟੀ**) ਦੇ ਪ੍ਰਬੰਧ ਨੂੰ ਪੂਰਾ ਕਰੇਗਾ ਬਵਾਂ ਨੂੰ ਪੂਰਾ ਕਰਨ ਦੇ ਲਈ ਵੀ ਅਜਿਹਾ ਹੀ ਸੀ: ਲੋਕ **ਜਾਣੋਗੇ** (ਜਾਣਨਗੇ) **ਕਿ** [ਪਰਮੇਸ਼ੁਰ] **ਯਹੋਵਾਹ** [ਉਨ੍ਹਾਂ ਦਾ] **ਪਰਮੇਸ਼ੁਰ** ਸੀ। ਫਿਰ, ਇਨ੍ਹਾਂ ਸ਼ਬਦਾਂ ਵਿਚ ਇਕ ਫਟਕਾਰ ਸ਼ਾਮਲ ਹੋ ਸਕਦੀ ਹੈ। ਲੋਕਾਂ ਨੂੰ ਪਹਿਲਾਂ ਤੋਂ ਹੀ ਪਰਮੇਸ਼ੁਰ ਦਾ "ਪਤਾ" ਹੋਣਾ ਚਾਹੀਦਾ ਹੈ; ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਯਹੋਵਾਹ ਆਪਣੇ ਲੋਕਾਂ ਦੇ ਲਈ ਹਮੇਸ਼ਾ ਮੁਹੱਈਆ ਕਰਦਾ ਰਹੇਗਾ ਅਤੇ ਇਹ ਕਿ ਇਸ ਵਿਚ ਉਨ੍ਹਾਂ ਦੀ ਸ਼ਿਕਾਇਤ ਵਿਸ਼ਵਾਸ ਦੀ ਕਮੀ ਨੂੰ ਦਿਖਾਉਂਦੀ ਹੈ।

## ਬਟੇਰੇ ਅਤੇ ਮੰਨ (16:13-21)

**[13]ਸ਼ਾਮਾਂ ਨੂੰ ਐਉਂ ਹੋਇਆ ਕਿ ਬਟੇਰੇ ਚੜ੍ਹ ਆਏ ਅਤੇ ਡੇਰੇ ਨੂੰ ਢੱਕ ਲਿਆ ਅਰ ਸਵੇਰ ਨੂੰ ਡੇਰੇ
ਦੇ ਆਲੇ ਦੁਆਲੇ ਤਰੇਲ ਪਈ। [14]ਜਦ ਤਰੇਲ ਉੱਡ ਗਈ ਤਾਂ ਵੇਖੋ ਉਜਾੜ ਦੀ ਪਰਤ ਉੱਤੇ ਨਿੱਕਾ
ਨਿੱਕਾ ਕੱਕਰ ਕੋਰੇ ਵਰਗਾ ਮਹੀਨ ਧਰਤੀ ਉੱਤੇ ਪਿਆ ਹੋਇਆ ਸੀ। [15]ਜਾਂ ਇਸਰਾਏਲੀਆਂ ਨੇ
ਵੇਖਿਆ ਤਾਂ ਉਨ੍ਹਾਂ ਨੇ ਇੱਕ ਦੂਜੇ ਨੂੰ ਆਖਿਆ, ਆਹ ਕੀ ਹੈ? ਕਿਉਂ ਜੋ ਓਹ ਨਹੀਂ ਜਾਣਦੇ ਸਨ ਭਈ
ਉਹ ਕੀ ਸੀ। ਉਪਰੰਤ ਮੂਸਾ ਨੇ ਉਨ੍ਹਾਂ ਨੂੰ ਆਖਿਆ, ਏਹ ਉਹ ਰੋਟੀ ਹੈ ਜਿਹੜੀ ਯਹੋਵਾਹ ਤੁਹਾਨੂੰ
ਖਾਣ ਲਈ ਦਿੱਤੀ ਹੈ। [16]ਏਹ ਉਹ ਗੱਲ ਹੈ ਜਿਹਦਾ ਯਹੋਵਾਹ ਨੇ ਹੁਕਮ ਦਿੱਤਾ ਭਈ ਉਸ ਵਿੱਚੋਂ
ਹਰ ਇੱਕ ਮਨੁੱਖ ਆਪਣੇ ਖਾਣ ਜੋਗਾ ਇਕੱਠਾ ਕਰੇ ਅਰਥਾਤ ਇੱਕ ਇੱਕ ਓਮਰ ਆਪਣੇ ਪਰਾਣੀਆਂ
ਦੀ ਗਿਣਤੀ ਦੇ ਅਨੁਸਾਰ ਤੁਸੀਂ ਲਵੋ। ਹਰ ਮਨੁੱਖ ਉਨ੍ਹਾਂ ਲਈ ਜਿਹੜੇ ਉਹ ਦੇ ਤੰਬੂ ਵਿੱਚ ਹਨ
ਲਵੇ। [17]ਤਾਂ ਇਸਰਾਏਲੀਆਂ ਨੇ ਏਵੇਂ ਹੀ ਕੀਤਾ ਅਰ ਕਈਆਂ ਨੇ ਵੱਧ ਅਤੇ ਕਈਆਂ ਨੇ ਘੱਟ ਇਕੱਠਾ
ਕੀਤਾ। [18]ਜਦ ਉਨ੍ਹਾਂ ਨੇ ਓਮਰ ਨਾਲ ਮਾਪਿਆ ਤਾਂ ਜਿਸ ਨੇ ਵੱਧ ਲਿਆ ਸੀ ਉਸ ਦਾ ਵੱਧ ਨਾ
ਨਿੱਕਲਿਆ ਅਰ ਜਿਸ ਨੇ ਘੱਟ ਲਿਆ ਸੀ ਉਸ ਦਾ ਘੱਟ ਨਾ ਨਿੱਕਲਿਆ ਅਰ ਜਿਸ ਨੇ ਘੱਟ ਲਿਆ
ਸੀ ਉਸ ਦਾ ਘੱਟ ਨਾ ਨਿੱਕਲਿਆ ਪਰ ਹਰ ਇੱਕ ਨੇ ਆਪਣੇ ਖਾਣ ਜੋਗਾ ਪਾਇਆ। [19]ਮੂਸਾ ਨੇ
ਉਨ੍ਹਾਂ ਨੂੰ ਆਖਿਆ, ਸਵੇਰ ਤੀਕ ਕੋਈ ਰੱਖ ਨਾ ਛੱਡੇ। [20]ਪਰ ਉਨ੍ਹਾਂ ਨੇ ਮੂਸਾ ਦੀ ਨਾ ਸੁਣੀ। ਕਈਆਂ
ਨੇ ਉਸ ਵਿੱਚੋਂ ਸਵੇਰ ਤੀਕ ਰੱਖ ਛੱਡਿਆ ਸੋ ਉਸ ਵਿੱਚ ਕੀੜੇ ਪੈ ਗਏ ਅਤੇ ਸੜਿਆਹਣ ਆਉਣ
ਲੱਗ ਪਈ। ਤਾਂ ਮੂਸਾ ਉਨ੍ਹਾਂ ਉੱਤੇ ਗਰੰਜ ਹੋਇਆ। [21]ਸੋ ਓਹ ਹਰ ਇੱਕ ਦੇ ਖਾਣ ਜੋਗਾ ਹਰ ਸਵੇਰ
ਨੂੰ ਇਕੱਠਾ ਕਰ ਲੈਂਦੇ ਸਨ ਅਰ ਜਦ ਧੁੱਪ ਤਿੱਖੀ ਹੁੰਦੀ ਸੀ ਤਾਂ ਉਹ ਢਲ ਜਾਂਦਾ ਸੀ।**

**ਆਇਤਾਂ 13, 14.** ਪਰਮੇਸ਼ੁਰ ਦੇ ਦੁਆਰਾ ਇਹ ਕਹਿਣ ਤੋਂ ਬਾਅਦ ਕਿ ਉਹ ਸ਼ਾਮ ਨੂੰ ਉਨ੍ਹਾਂ ਨੂੰ ਮਾਸ ਅਤੇ ਸਵੇਰ ਨੂੰ ਰੋਟੀ ਦੇ ਕੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰੇਗਾ, ਉਸ ਨੇ **ਬਟੇਰੇ** ਭੇਜ ਕੇ ਆਪਣੇ ਵਾਇਦੇ ਨੂੰ ਪੂਰਾ ਕਰਨਾ ਸ਼ੁਰੂ ਕਰ ਦਿੱਤਾ। ਬਟੇਰੇ ਮੁਕਾਬਲਤਨ ਕਹਾਣੀ ਦਾ ਇੱਕ ਮਾਮੂਲੀ ਹਿੱਸਾ ਹੈ। ਖਾਤਾ ਇਨ੍ਹਾਂ ਦੇ ਵਿਸ਼ੇ ਵਿਚ ਦੱਸਣ ਦੇ ਲਈ ਇਕ ਆਇਤ ਦੇ ਸਿਰਫ ਅੱਧੇ ਹਿੱਸੇ ਦਾ ਇਸਤੇਮਾਲ ਹੀ ਕਰਦਾ ਹੈ, ਜਦਕਿ ਇਹ ਬਾਕੀ ਅਧਿਆਇ (ਲਗਭਗ ਤੇਈ ਆਇਤਾਂ) ਦਾ ਇਸਤੇਮਾਲ ਰੋਟੀ ਦੇ ਵਿਸ਼ੇ ਵਿਚ ਵਰਣਨ ਕਰਨ ਦੇ ਲਈ ਕਰਦਾ ਹੈ ਜਿਸ ਨੂੰ "ਮੰਨ" ਕਿਹਾ ਗਿਆ ਸੀ (16:31)। ਬਟੇਰਿਆਂ ਦਾ ਪ੍ਰਬੰਧ ਕਰਨਾ ਮੰਨ ਦੇ ਪ੍ਰਬੰਧ ਨਾਲੋਂ ਵੱਖਰਾ ਸੀ। ਜ਼ਾਹਿਰ ਤੌਰ ਤੇ, ਉਜਾੜ ਵਿਚ ਘੁੰਮਣ ਦੇ ਸੰਪੂਰਣ ਸਮੇਂ ਵਿਚ ਇਸਰਾਏਲੀਆਂ ਨੂੰ ਬਟੇਰੇ ਮੁਹੱਈਆ ਨਹੀਂ ਕਰਵਾਏ ਗਏ ਸਨ,[5] ਪਰ ਜਦੋਂ ਤੱਕ ਇਸਰਾਏਲੀ ਕਨਾਨ ਦੇਸ ਦੀ ਸੀਮਾ ਤੱਕ ਨਾ ਪਹੁੰਚ ਗਏ ਮੰਨ

ਲਗਾਤਾਰ ਪਰਗਟ ਹੁੰਦਾ ਰਿਹਾ (16:35)।

ਕਦੀ ਕਦੀ ਟਿੱਪਣੀਕਾਰ ਬਟੇਰਿਆਂ ਦੀ ਦਾਅਵਤ ਦੇ ਲਈ ਇਕ ਕੁਦਰਤੀ ਵਿਆਖਿਆ ਦਾ ਸੁਝਾਅ ਦਿੰਦੇ ਹਨ। ਸੀਨਈ ਪ੍ਰਾਇਦੀਪ ਦੇ ਉੱਪਰ ਸਾਲ ਦੇ ਇਸ ਸਮੇਂ ਇਕ ਵੱਡੀ ਗਿਣਤੀ ਵਿਚ ਬਟੇਰੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਅਸਾਨੀ ਦੇ ਨਾਲ ਫੜਿਆ ਜਾ ਸਕਦਾ ਸੀ।[6] ਪਰ, ਹਾਲਾਂਕਿ ਇਸ ਘਟਨਾ ਦਾ ਇਕ ਕੁਦਰਤੀ ਪੱਖ ਰਿਹਾ ਹੋਵੇ, ਪਰ ਇਸਰਾਏਲ ਦੀ ਭੀੜ ਨੂੰ ਲੋੜੀਂਦੇ ਬਟੇਰਿਆਂ ਦੀ ਗਿਣਤੀ ਅਤੇ ਇਸ ਮਹੱਤਵਪੂਰਣ ਸਮੇਂ ਨੇ ਇਹ ਪਰਗਟ ਕਰ ਦਿੱਤਾ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਬਟੇਰੇ ਮੁਹੱਈਆ ਕਰਵਾਉਣ ਦੇ ਲਈ ਜ਼ਿੰਮੇਵਾਰ ਸੀ।

ਬਟੇਰਿਆਂ ਦਾ ਜ਼ਿਕਰ ਕਰਨ ਤੋਂ ਬਾਅਦ, ਲਿਖਤ ਰੋਟੀ ਵੱਲ ਮੁੜਦੀ ਹੈ। ਰੋਟੀ ਨੂੰ ਇਸ ਤਰ੍ਹਾਂ ਦੱਸਿਆ ਗਿਆ ਹੈ ਜਿਵੇਂ ਸਵੇਰ ਨੂੰ ਡੇਰੇ ਦੇ ਆਲੇ ਦੁਆਲੇ ਤਰੇਲ ਪਈ ਹੋਵੇ ਸੋ ਜਦ ਤਰੇਲ ਉੱਡ ਗਈ ਤਾਂ ਵੇਖੋ ਉਜਾੜ ਦੀ ਪਰਤ ਉੱਤੇ ਨਿੱਕਾ ਨਿੱਕਾ ਕੱਕਰ ਕੋਰੇ ਵਰਗਾ ਮਹੀਨ ਧਰਤੀ ਉੱਤੇ ਪਿਆ ਹੋਇਆ ਸੀ। ਬਾਅਦ ਵਿਚ ਇਸ ਨੂੰ "ਧਨੀਏ ਵਰਗਾ ਬੱਗਾ ਅਤੇ ਉਸ ਦਾ ਸੁਆਦ ਸ਼ਹਿਤ ਵਿੱਚ ਪਕਾਏ ਹੋਏ ਪੂੜੇ ਵਰਗਾ ਸੀ" ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ (16:31)। ਇਸ ਪਦਾਰਥ ਨੂੰ ਪਕਾਇਆ ਜਾ ਸਕਦਾ ਸੀ (16:23)। ਗਿਣਤੀ 11:7, 8 ਵਿਚ ਇਹ ਜਾਣਕਾਰੀ ਦਿੱਤੀ ਗਈ ਹੈ:

> ਮੰਨ ਧਨੀਏ ਦੇ ਬੀਜ ਦੇ ਵਾਂਗ ਸੀ, ਅਤੇ ਇਹ ਗੂਗਲ ਦੇ ਵਾਂਗ ਦਿਖਦਾ ਸੀ। ਲੋਕ ਇਸ ਨੂੰ ਚੱਕੀ ਦੇ ਵਿਚ ਪੀਸਦੇ ਸਨ ਜਾਂ ਕੂੰਡੀ ਦੇ ਵਿਚ ਕੁੱਟਦੇ ਸਨ, ਅਤੇ ਇਸ ਨੂੰ ਬਰਤਨ ਵਿਚ ਉਬਾਲ ਕੇ ਇਸ ਦੇ ਕੇਕ ਬਣਾਉਂਦੇ ਸਨ; ਅਤੇ ਇਸ ਦਾ ਸੁਆਦ ਤੇਲ ਨਾਲ ਪਕਾਏ ਕੇਕਾਂ ਵਰਗਾ ਹੁੰਦਾ ਸੀ।

ਜੇਕਰ ਇਸ ਨੂੰ ਇਕੱਠਾ ਕੀਤਾ ਗਿਆ ਸੀ ਪਰ ਉਸੇ ਦਿਨ ਵਿਚ ਖਾਧਾ ਜਾਂ ਇਸਤੇਮਾਲ ਨਹੀਂ ਕੀਤਾ ਜਾਂਦਾ ਸੀ ਤਾਂ ਇਸ ਵਿਚ "ਕੀੜੇ ਪੈਦਾ ਹੋ ਜਾਂਦੇ ਸਨ ਅਤੇ ਇਹ ਸੜ ਜਾਂਦਾ ਸੀ" (16:20)। ਜੇਕਰ ਇਸ ਨੂੰ ਪਹਿਲਾਂ ਪਹਿਲਾਂ ਇਕੱਠਾ ਨਹੀਂ ਜਾਂਦਾ ਸੀ ਤਾਂ "ਜਦ ਧੁੱਪ ਤਿੱਖੀ ਹੁੰਦੀ ਸੀ ਤਾਂ ਉਹ ਢਲ ਜਾਂਦਾ ਸੀ" (16:21)। ਜ਼ਬੂਰਾਂ ਦੀ ਪੋਥੀ 78:24, 25 ਵਿਚ, ਇਸ ਨੂੰ "ਸੁਰਗੀ ਅੰਨ" ਅਤੇ "ਬਲਵੰਤਾਂ ਦੀ ਰੋਟੀ" ਕਿਹਾ ਗਿਆ ਹੈ। ਜ਼ਬੂਰਾਂ ਦੀ ਪੋਥੀ 105:40 ਵਿਚ, ਇਸ ਨੂੰ "ਸੁਰਗੀ ਰੋਟੀ" ਕਿਹਾ ਗਿਆ ਹੈ (ਵੇਖੋ ਨਹਮਯਾਹ 9:15)।

**ਆਇਤ 15.** ਸਪੱਸ਼ਟ ਤੌਰ ਤੇ ਮੰਨ ਇਕ ਅਜਿਹੀ ਚੀਜ਼ ਸੀ ਜਿਸ ਨੂੰ ਇਸਰਾਏਲੀਆਂ ਨੇ ਪਹਿਲਾਂ ਨਹੀਂ ਵੇਖਿਆ ਸੀ: ਜਦੋਂ ਉਨ੍ਹਾਂ ਨੇ ਇਸ ਨੂੰ **ਵੇਖਿਆ**, ਤਾਂ ਉਨ੍ਹਾਂ ਨੇ ਇਕ ਦੂਜੇ ਨੂੰ ਕਿਹਾ, **ਆਹ ਕੀ ਹੈ?** (מָ֣ן ה֑וּא, *ਮੈਨ ਹੂ*)। ਸਿੱਟੇ ਵਜੋਂ, ਉਨ੍ਹਾਂ ਨੇ ਉਸ ਦਾ ਨਾਮ "ਮੰਨ" (מָ֣ן, *ਮੈਨ*), ਜਿਸ ਦਾ ਅਰਥ ਹੈ "ਇਹ [ਕੀ ਹੈ]?"[7] (ਅੰਗ੍ਰੇਜ਼ੀ ਸ਼ਬਦ ਜੋੜ ਯੂਨਾਨੀ ਸ਼ਬਦ μάννα *[ਮੰਨਾ]* ਦਾ ਲਿਪੀਅੰਤਰਣ ਹੈ।) ਆਰ. ਐਲਨ ਕੋਲ ਨੇ ਇਸ ਸ਼ਬਦ ਦਾ ਅਰਥ "ਕੀ ਹੈ ਇਸ ਦਾ ਨਾਮ" ਸਮਝਾਇਆ ਹੈ।[8] ਮੂਸਾ ਨੇ ਲੋਕਾਂ ਨੂੰ ਦੱਸਿਆ ਕਿ ਇਹ **ਉਹ ਰੋਟੀ ਹੈ ਜਿਹੜੀ ਯਹੋਵਾਹ** ਨੇ ਉਨ੍ਹਾਂ ਨੂੰ ਮੁਹੱਈਆ ਕੀਤੀ ਸੀ।

ਵਿਦਵਾਨਾਂ ਨੇ ਮੰਨ ਦੇ ਲਈ ਇਕ ਕੁਦਰਤੀ ਸਪੱਸ਼ਟੀਕਰਣ ਦੀ ਖੋਜ ਕੀਤੀ ਹੈ, ਕਿ ਇਹ ਜਾਂ ਤਾਂ ਕੀੜਿਆਂ ਦੁਆਰਾ ਉਤਪੰਨ ਕੀਤੇ ਗਏ ਇਕ ਪਦਾਰਥ ਵਿਚ ਜੋ ਇਮਲੀ ਦੇ ਰੁੱਖਾਂ ਜਾਂ ਇਕ ਕਿਸਮ ਦੀ ਕਾਈ ਜਾਂ ਲਾਇਕੇਨ ਦੀ ਕਿਸਮ ਜੋ ਸੀਨਈ ਪ੍ਰਾਇਦੀਪ ਵਿਚ ਚੱਟਾਨਾਂ ਉੱਤੇ ਉੱਗਦੀ ਹੈ ਉਸ ਵਿਚ ਪਾਇਆ ਜਾਂਦਾ ਹੈ।[9] ਹਾਲਾਂਕਿ, ਭਾਵੇਂ ਕਿਸੇ ਵੀ ਕੁਦਰਤੀ ਰੂਪ ਵਿਚ ਪਾਏ ਜਾਣ ਵਾਲੇ ਪਦਾਰਥ ਦਾ ਬਾਈਬਲ ਦੇ ਮੰਨ ਨਾਲ ਕੋਈ ਸੰਬੰਧ ਨਹੀਂ ਹੈ, ਇਹ ਪਰਮੇਸ਼ੁਰ ਦੇ ਦੁਆਰਾ ਆਪਣੇ ਲੋਕਾਂ ਨੂੰ ਮੁਹੱਈਆ ਕਰਵਾਇਆ ਗਿਆ ਸੀ। ਹੇਠ ਦਿੱਤੇ ਤੇ ਵਿਚਾਰ ਕਰੋ: (1) ਉਹ ਮਾਤਰਾ ਜੋ

ਇਸਰਾਏਲੀਆਂ ਨੂੰ ਖਾਣ ਦੇ ਲਈ ਪ੍ਰਦਾਨ ਕੀਤੀ ਜਾਣੀ ਸੀ, (2) ਉਹ ਸਥਿਰਤਾ ਜਿਸ ਦੇ ਨਾਲ ਉਸ ਨੂੰ ਪੈਦਾ ਕਰਨਾ ਪਿਆ (ਚਾਲੀ ਸਾਲਾਂ ਲਈ, ਹਫਤੇ ਦੇ ਛੇ ਦਿਨ ਇੱਕ ਸਾਲ ਦੇ ਬਵੰਜਾ ਹਫਤਿਆਂ ਦੇ ਲਈ), (3) ਇਹ ਤੱਥ ਕਿ ਸਬਤ ਨੂੰ ਛੱਡ ਕੇ ਇਹ ਹਫਤੇ ਦੇ ਹਰ ਦਿਨ ਉਪਲੱਬਧ ਸੀ ਅਤੇ (4) ਇਹ ਤੱਥ ਕਿ ਜਦੋਂ ਇਸਰਾਏਲੀ ਵਾਇਦਾ ਕੀਤੇ ਦੇਸ ਵਿਚ ਪਹੁੰਚ ਗਏ ਤਾਂ ਇਸ ਨੂੰ ਬੰਦ ਕਰ ਦਿੱਤਾ ਗਿਆ। ਮੰਨ ਦਾ ਪੈਦਾ ਹੋਣਾ ਸਪੱਸ਼ਟ ਤੌਰ ਤੇ ਇੱਕ ਕੁਦਰਤੀ ਘਟਨਾ ਦੀ ਬਜਾਇ ਇਕ ਰੱਬੀ ਘਟਨਾ ਸੀ।[10]

**ਆਇਤ 16.** ਮੰਨ ਦਾ ਵਰਣਨ ਕਰਨ ਤੋਂ ਇਲਾਵਾ, ਇਹ ਭਾਗ ਇਸ ਨੂੰ ਇਕੱਠਾ ਕਰਨ ਅਤੇ ਖਪਤ ਨਾਲ ਸੰਬੰਧਤ ਤਿੰਨ ਨਿਯਮ ਦਿੰਦਾ ਹੈ। ਪਹਿਲਾ ਨੇਮ ਇਸ ਗੱਲ ਨਾਲ ਸੰਬੰਧਤ ਸੀ ਕਿ ਕਿੰਨਾ ਇਕੱਠਾ ਕਰਨਾ ਸੀ। ਲੋਕਾਂ ਨੂੰ ਕਿਹਾ ਗਿਆ ਸੀ ਕਿ ਉਹ ਉੱਨਾ ਹੀ ਇਕੱਠਾ ਕਰਨ ਜਿੰਨਾ ਉਨ੍ਹਾਂ ਨੂੰ ਇਕ ਦਿਨ ਦੇ ਲਈ ਲੋੜੀਂਦਾ ਹੋਵੇ - ਹਰ ਵਿਅਕਤੀ ਦੇ ਲਈ **ਇੱਕ ਓਮਰ**, ਜੋ ਲਗਭਗ $1\frac{2}{3}$ ਲੀਟਰ, ਜਾਂ ਦੋ ਚੌਥਾਈ ਦੇ ਸਮਾਨ ਹੁੰਦਾ ਹੈ।[11]

**ਆਇਤਾਂ 17, 18.** ਇਸਰਾਏਲੀਆਂ ਨੇ ਹੁਕਮ ਦਾ ਪਾਲਣ ਕੀਤਾ, ਭਾਵੇਂ **ਕਈਆਂ** ਨੇ ਦੱਸੀ ਹੋਈ ਮਾਤਰਾ ਤੋਂ ਵੱਧ ਅਤੇ ਕਈਆਂ ਨੇ ਘੱਟ **ਇਕੱਠਾ ਕੀਤਾ।** ਇਹ "ਅਣਆਗਿਆਕਾਰੀ ਦੇ ਕਾਰਨ ਨਹੀਂ ਸੀ ਪਰ ਇਸ ਕਾਰਣ ਹੋਇਆ ਕਿ ਉਹ ਲੋੜ, ਦਾ ਅੰਦਾਜ਼ਾ ਲਗਾ ਸਕਣ ਕਿ ਉਨ੍ਹਾਂ ਨੇ ਕਿੰਨਾ ਇਕੱਠਾ ਕੀਤਾ ਸੀ।"[12] ਫਿਰ ਵੀ, ਸਿੱਟਾ ਇਹ ਸੀ ਕਿ ਹਰੇਕ ਦੇ ਕੋਲ ਕਾਫੀ ਸੀ। ਲਿਖਤ ਜ਼ੋਰ ਦਿੰਦੀ ਹੈ ਕਿ ਪਰਮੇਸ਼ੁਰ ਦੁਆਰਾ ਮੁਹੱਈਆ ਕੀਤੇ ਗਏ ਮੰਨ ਦੀ ਮਾਤਰਾ ਤੰਬੂ ਵਿਚਲੇ ਲੋਕਾਂ ਦੀ ਗਿਣਤੀ ਦੇ ਅਨੁਸਾਰ ਬਿਲਕੁਲ ਠੀਕ ਸੀ। ਡਬਲਿਯੂ. ਐੱਚ ਗਿਸਪਨ ਨੇ ਕਿਹਾ, "ਚਮਤਕਾਰ ਇਹ ਸੀ ਕਿ ਜਦੋਂ ਉਨ੍ਹਾਂ ਨੇ ਉਸ ਨੂੰ ਓਮਰ ਦੇ ਨਾਲ ਮਾਪਿਆ ਤਾਂ ਹਰੇਕ ਵਿਅਕਤੀ ਦੇ ਲਈ ਇਕਦਮ ਕਾਫੀ ਸੀ।"[13]

**ਆਇਤਾਂ 19, 20.** ਇਕ ਦੂਸਰਾ ਨੇਮ ਇਹ ਸੀ ਕਿ ਉਨ੍ਹਾਂ ਨੇ ਮੰਨ ਨੂੰ ਕਿਵੇਂ ਖਾਣਾ ਸੀ: ਉਹ ਸਭ ਜੋ ਉਨ੍ਹਾਂ ਨੇ ਇਕ ਦਿਨ ਸਵੇਰੇ ਇਕੱਠਾ ਕੀਤਾ ਹੁੰਦਾ ਸੀ, ਉਸ ਨੂੰ ਅਗਲੀ **ਸਵੇਰ** ਤੋਂ ਪਹਿਲਾਂ ਖਾਣਾ ਹੁੰਦਾ ਸੀ। ਲੋਕਾਂ ਵਿਚੋਂ **ਕਈਆਂ** ਨੇ ਇਸ ਨੇਮ ਨੂੰ ਤੋੜ ਦਿੱਤਾ, ਸ਼ਾਇਦ ਉਹ ਕੁਝ ਲੋਕ ਇਸ ਨੂੰ ਵੱਖਰਾ ਰੱਖਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਹੋ ਸਕਦਾ ਹੈ ਕਿ ਇਹ ਕੱਲ ਉੱਥੇ ਨਾ ਮਿਲੇ। ਜਦੋਂ ਅਜਿਹਾ ਹੋਇਆ, ਤਾਂ ਮੰਨ ਖਰਾਬ ਹੋ ਗਿਆ, ਅਤੇ **ਮੂਸਾ** ਉਨ੍ਹਾਂ ਲੋਕਾਂ ਦੇ ਨਾਲ **ਗਰੰਜ** ਹੋਇਆ ਜਿਨ੍ਹਾਂ ਨੇ ਪਰਮੇਸ਼ੁਰ ਦੇ ਹੁਕਮ ਨੂੰ ਨਹੀਂ ਮੰਨਿਆ ਸੀ।

**ਆਇਤ 21.** ਤੀਸਰੇ ਨੇਮ ਵਿਚ ਮੰਨ ਦੀ ਰੋਜ਼ਾਨਾ ਦੀ ਫ਼ਸਲ ਦੀ ਲੋੜ ਸੀ। ਲੋਕ ਹਰ **ਸਵੇਰ** ਨੂੰ ਮੰਨ ਇਕੱਠਾ ਕਰਦੇ ਸਨ। ਜੇਕਰ ਉਹ **ਧੁੱਪ ਤਿੱਖੀ** ਹੋਣ ਤੋਂ ਪਹਿਲਾਂ ਆਪਣਾ ਭੋਜਨ ਇਕੱਠਾ ਕਰਨ ਵਿਚ ਅਸਫਲ ਰਹਿ ਜਾਂਦੇ ਸਨ, ਤਾਂ ਇਹ ਢਲ ਜਾਂਦਾ ਸੀ। ਇਸ ਲਈ, ਆਲਸੀ ਹੋਣ ਦੀ ਸੂਰਤ ਵਿਚ ਜੇਕਰ ਉਹ ਫੈਸਲਾ ਕਰ ਲੈਂਦੇ ਕਿ ਸਵੇਰੇ ਜਲਦੀ ਉੱਠ ਕੇ ਮੰਨ ਨੂੰ ਲੈ ਕੇ ਆਉਣਾ ਬਹੁਤ ਹੀ ਮੁਸ਼ਕਲ ਹੈ, ਤਾਂ ਉਨ੍ਹਾਂ ਨੂੰ ਭੁੱਖੇ ਹੀ ਰਹਿਣਾ ਪੈਂਦਾ (ਕਹਾਉਤਾਂ 6:9-11 ਵੇਖੋ)।

ਜਾਹਿਰ ਤੌਰ ਤੇ, ਮੰਨ ਦਾ ਪ੍ਰਬੰਧ ਕਰਨ ਅਤੇ ਇਨ੍ਹਾਂ ਨਿਯਮਾਂ ਨੂੰ ਦੇਣ ਦੇ ਦੁਆਰਾ, ਪਰਮੇਸ਼ੁਰ ਸਿਰਫ ਇਸਰਾਏਲ ਦੀਆਂ ਲੋੜਾਂ ਨੂੰ ਹੀ ਪੂਰਾ ਨਹੀਂ ਕਰਨਾ ਚਾਹੁੰਦਾ ਸੀ, ਪਰ ਆਪਣੇ ਲੋਕਾਂ ਨੂੰ ਬਹੁਤ ਸਾਰੇ ਸਬਕ ਵੀ ਸਿਖਾਉਣਾ ਚਾਹੁੰਦਾ ਸੀ। ਉਨ੍ਹਾਂ ਨੂੰ ਸਿੱਖਣ ਦੀ ਲੋੜ ਸੀ (1) ਪਰਮੇਸ਼ੁਰ ਉੱਤੇ ਨਿਰਭਰ ਕਰਨਾ ਅਤੇ ਵਿਸ਼ਵਾਸ ਕਰਨਾ (ਬਿਵਸਥਾ ਸਾਰ 8:3), (2) ਦੇਸ ਅਤੇ ਹਰ ਇਕ ਵਿਅਕਤੀ ਦੀ ਭਲਿਆਈ ਦੇ ਲਈ ਉਸ ਦੀ ਆਗਿਆਕਾਰੀ ਕਰਨਾ, ਅਤੇ (3) ਨਿਯਮਿਤ ਅਤੇ ਮਿਹਨਤ ਦੇ ਕੰਮ ਦੀ ਕਦਰ ਕਰਨੀ।

# ਸਬਤ ਦੇ ਦਿਨ ਅਰਾਮ ਕਰਨਾ (16:22-30)

**[22]ਅਤੇ ਐਉਂ ਹੋਇਆ ਕਿ ਛੇਵੇਂ ਦਿਨ ਉਨ੍ਹਾਂ ਨੇ ਦੁਗਣੀ ਖਾਧ ਇਕੱਠੀ ਕੀਤੀ ਅਰਥਾਤ ਹਰ
ਇੱਕ ਲਈ ਦੋ ਓਮਰ ਅਰ ਮੰਡਲੀ ਦੇ ਸਾਰੇ ਸਰਦਾਰ ਆਏ ਅਰ ਮੂਸਾ ਨੂੰ ਦੱਸਿਆ। [23]ਉਸ ਨੇ
ਉਨ੍ਹਾਂ ਨੂੰ ਆਖਿਆ, ਏਹ ਓਹੋ ਹੀ ਗੱਲ ਹੈ ਜਿਹੜੀ ਯਹੋਵਾਹ ਬੋਲਿਆ ਸੀ। ਭਲਕੇ ਯਹੋਵਾਹ ਦੇ
ਪਵਿੱਤ੍ਰ ਸਬਤ ਦੀ ਮਨਾਉਤਾ ਹੈ ਸੋ ਜੋ ਪਕਾਉਣਾ ਹੈ ਪਕਾ ਲਓ ਅਤੇ ਜੋ ਉਬਾਲਣਾ ਹੈ ਉਬਾਲ
ਲਓ ਅਤੇ ਜੋ ਬਾਕੀ ਬਚੇ ਆਪਣੇ ਕੋਲ ਸਵੇਰ ਤੀਕ ਰੱਖ ਛੱਡੋ। [24]ਸੋ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ
ਸਵੇਰ ਤੀਕ ਰੱਖ ਛੱਡਿਆ ਜਿਵੇਂ ਮੂਸਾ ਨੇ ਹੁਕਮ ਦਿੱਤਾ ਸੀ ਅਤੇ ਉਸ ਵਿੱਚ ਨਾ ਸੜਿਆਹਣ ਸੀ
ਅਰ ਨਾ ਹੀ ਕੀੜਾ ਸੀ। [25]ਮੂਸਾ ਨੇ ਆਖਿਆ, ਉਸ ਨੂੰ ਅੱਜ ਖਾਓ ਕਿਉਂ ਜੋ ਅੱਜ ਹੀ ਯਹੋਵਾਹ ਦਾ
ਸਬਤ ਹੈ। [26]ਛੇ ਦਿਨ ਤੁਸੀਂ ਇਕੱਠਾ ਕਰੋ ਪਰ ਸੱਤਵਾਂ ਦਿਨ ਸਬਤ ਹੈ। ਉਹ ਦੇ ਵਿੱਚ ਉਹ ਨਾ
ਹੋਵੇਗਾ। [27]ਅਤੇ ਐਉਂ ਹੋਇਆ ਕਿ ਸੱਤਵੇਂ ਦਿਨ ਪਰਜਾ ਵਿੱਚੋਂ ਕਈ ਇੱਕ ਇਕੱਠਾ ਕਰਨ ਨੂੰ ਬਾਹਰ
ਗਏ ਪਰ ਉਨ੍ਹਾਂ ਨੂੰ ਨਾ ਲੱਭਾ। [28]ਯਹੋਵਾਹ ਨੇ ਮੂਸਾ ਨੂੰ ਆਖਿਆ, ਤੁਸੀਂ ਕਦ ਤੀਕ ਮੇਰੇ ਹੁਕਮਾਂ
ਅਤੇ ਮੇਰੀ ਬਿਵਸਥਾ ਦੇ ਮੰਨਣ ਤੋਂ ਇਨਕਾਰ ਕਰਦੇ ਰਹੋਗੇ? [29]ਵੇਖੋ ਯਹੋਵਾਹ ਨੇ ਤੁਹਾਨੂੰ ਸਬਤ
ਦਿੱਤਾ ਹੈ, ਏਸੇ ਲਈ ਉਹ ਤੁਹਾਨੂੰ ਛੇਵੇਂ ਦਿਨ ਦੋਹੁੰ ਦਿਨਾਂ ਦੀ ਰੋਟੀ ਦਿੰਦਾ ਹੈ। ਤੁਸੀਂ ਹਰ ਇੱਕ
ਆਪਣੀ ਥਾਂ ਵਿੱਚ ਰਹੋ। ਕੋਈ ਆਪਣੇ ਵਾਸ ਤੋਂ ਸਬਤ ਉੱਤੇ ਬਾਹਰ ਨਾ ਜਾਵੇ। [30]ਸੋ ਪਰਜਾ ਨੇ
ਸੱਤਵੇਂ ਦਿਨ ਵਿਸਰਾਮ ਕੀਤਾ।**

**ਆਇਤਾਂ 22, 23.** ਮੰਨ ਦੇ ਵਿਸ਼ੇ ਵਿਚ ਇਕ ਹੋਰ ਨਿਯਮ ਜੋ ਹੋਰਨਾਂ ਤੇ ਹਾਵੀ ਹੋ ਗਿਆ: ਸਬਤ ਦਾ ਨਿਯਮ: **ਛੇਵੇਂ ਦਿਨ** [ਲੋਕਾਂ ਨੇ] **ਉਨ੍ਹਾਂ ਨੇ ਦੁਗਣੀ ਖਾਧ ਇਕੱਠੀ ਕੀਤੀ ਅਰਥਾਤ ਹਰ ਇੱਕ** [ਵਿਅਕਤੀ] ਦੇ **ਲਈ ਦੋ ਓਮਰ।** ਸਿਰਫ ਉਸ ਦਿਨ, ਉਨ੍ਹਾਂ ਨੇ ਸਿਰਫ ਉਸ ਦਿਨ ਦੇ ਲਈ ਪ੍ਰਾਪਤ ਕੀਤੇ ਗਏ ਮੰਨ ਨੂੰ ਹੀ ਨਹੀਂ ਖਾਧਾ ਸਗੋਂ ਅਗਲੇ ਦਿਨ ਦੇ ਲਈ ਵੀ ਮੰਨ ਨੂੰ ਰੱਖ ਲਿਆ। ਪ੍ਰਭੂ ਛੇਵੇਂ ਦਿਨ ਇਕੱਠੇ ਕੀਤੇ ਮੰਨ ਨੂੰ ਸਾਰੀ ਰਾਤ ਰੱਖਣ ਤੇ ਵੀ ਖਰਾਬ ਹੋਣ ਤੋਂ ਬਚਾ ਕੇ ਇਨ੍ਹਾਂ ਪ੍ਰਬੰਧਾਂ ਨੂੰ ਸਫਲ ਬਣਾਇਆ।[14] ਇਸ ਤੋਂ ਇਲਾਵਾ, ਉਸ ਨੇ ਸੱਤਵੇਂ ਦਿਨ ਕੋਈ ਮੰਨ ਪ੍ਰਦਾਨ ਨਹੀਂ ਕੀਤਾ, ਤਾਂ ਕਿ ਕੋਈ ਵੀ ਸਬਤ ਦੇ ਨੇਮ ਨੂੰ ਤੋੜਣ ਦੀ ਪਰੀਖਿਆ ਵਿਚ ਨਾ ਪਵੇ।

**ਮੰਡਲੀ ਦੇ ਸਾਰੇ ਸਰਦਾਰ ਮੂਸਾ** ਕੋਲ ਗਏ ਅਤੇ ਦੱਸਿਆ ਕਿ ਲੋਕਾਂ ਅੱਗੇ ਨਾਲੋਂ ਦੁੱਗਣਾ ਭੋਜਨ ਇਕੱਠਾ ਕਰ ਰਹੇ ਸਨ। ਜੌਨ ਆਈ. ਡਰਹਮ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਸਤਰਕ ਕੀਤਾ ਕਿ ਲੋਕ ਇਕ ਓਮਰ ਦੀ ਸੀਮਾ ਤੋਂ ਪਾਰ ਹੋ ਰਹੇ ਸਨ। ਉੱਤਰ ਵਿਚ, ਮੂਸਾ ਨੇ ਉਨ੍ਹਾਂ ਨੂੰ ਭਰੋਸੇ ਦਿਵਾਇਆ ਕਿ ਛੇਵੇਂ ਦਿਨ ਮੰਨ ਦੀ ਦੁੱਗਣੀ ਮਾਤਰਾ ਇਕੱਠੀ ਕਰਨਾ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਸੀ।[15]

ਲਿਖਤਾਂ ਵਿਚ ਇੱਥੇ ਪਹਿਲੀ ਵਾਰ ਸਬਤ ਦਾ ਉਲੇਖ ਕੀਤਾ ਗਿਆ ਹੈ, ਭਾਵੇਂ ਇਸ ਦਾ ਇਕ ਸੰਕੇਤ ਆਇਤ 5 ਵਿਚ ਵੇਖਿਆ ਗਿਆ ਹੈ। ਇਸ ਨੂੰ **ਯਹੋਵਾਹ ਦੇ ਪਵਿੱਤ੍ਰ ਸਬਤ ਦੀ ਮਨਾਉਤਾ**, **ਯਹੋਵਾਹ ਦਾ ਸਬਤ** ਕਿਹਾ ਜਾਂਦਾ ਹੈ (16:25), ਅਤੇ **"ਸੱਤਵਾਂ ਦਿਨ ਸਬਤ ਹੈ"** (16:26)। ਸ਼ਬਦ "ਸਬਤ" (שַׁבָּת, *ਸ਼ਾਬੇਥ)* ਕਿਰਿਆ שָׁבַת *(ਸ਼ਬਾਥ)* ਨਾਲ ਸੰਬੰਧਤ ਹੈ, ਜਿਸ ਦਾ ਅਰਥ "ਖਤਮ ਹੋਣਾ" ਜਾਂ "ਅਰਾਮ" ਹੈ; ਸਬਤ ਦਾ ਦਿਨ ਇਸਰਾਏਲੀਆਂ ਦੇ ਲਈ ਅਰਾਮ ਦਾ ਦਿਨ ਬਣ ਗਿਆ। ਸਬਤ ਦੀ ਤਿਆਰੀ ਵਿਚ, ਇਸਰਾਏਲੀਆਂ ਨੂੰ ਛੇਵੇਂ ਦਿਨ ਆਪਣੇ ਭੋਜਨ ਨੂੰ **ਪਕਾ ਲਓ** ਜਾਂ **ਉਬਾਲ ਲਓ** ਅਤੇ ਰਾਤ ਭਰ ਰੱਖ ਛੱਡੋ **ਦਾ ਹੁਕਮ ਦਿੱਤਾ ਗਿਆ ਸੀ।**

ਕੁਝ ਲੋਕ ਮੰਨਦੇ ਹਨ ਕਿ ਸਬਤ ਦੇ ਦਿਨ ਦਾ ਹੁਕਮ, ਉਤਪਤ ਦੇ ਸਮੇਂ ਤੋਂ ਲੈ ਕੇ ਅੱਜ ਤਕ ਨਿਰੰਤਰ ਚੱਲਦਾ ਆ ਰਿਹਾ ਹੈ। ਹਾਲਾਂਕਿ ਇਸ ਦਾ ਨਮੂਨਾ ਰਚਨਾ ਤੇ ਆਧਾਰਤ ਸੀ (20:11;

ਉਤਪਤ 2:3), ਪਰ ਪੁਰਾਣੇ ਨੇਮ ਵਿਚ ਕੂਚ 16 ਤੋਂ ਪਹਿਲਾਂ ਕਿਸੇ ਦੇ ਦੁਆਰਾ ਸਬਤ ਨੂੰ ਮੰਨਣ ਦੀ ਉਦਾਹਰਣ ਨਹੀਂ ਪਾਈ ਜਾਂਦੀ ਹੈ। ਇਸ ਅਧਿਆਇ ਵਿਚ, ਇਸ ਦਾ ਪਾਲਣ ਕੂਚ 20:8-11 ਵਿਚ ਪਹਿਲਾਂ ਤੋਂ ਸੂਚਿਤ ਸਬਤ ਦੇ ਹੁਕਮ ਦੇ ਰੂਪ ਵਿਚ ਦਸ ਹੁਕਮਾਂ ਵਿਚ ਦੇ ਇਕ ਭਾਗ ਵਜੋਂ ਕੀਤਾ ਜਾਂਦਾ ਹੈ, ਜਿਵੇਂ ਕੂਚ 15:25, 26 ਨੇਮ ਦੇ ਆਰੰਭਿਕ ਬਿਆਨ ਦੇ ਰੂਪ ਵਿਚ ਵਿਚ, ਕੂਚ 19 ਵਿਚ ਦਿੱਤੇ ਗਏ ਨੇਮ ਦੇ ਅਗਰਦੂਤ ਦੇ ਰੂਪ ਵਿਚ ਕੰਮ ਕਰਦਾ ਹੈ। ਇਸ ਤੋਂ ਇਲਾਵਾ, ਇਸਰਾਏਲੀਆਂ ਨੂੰ ਮਿਸਰ ਦੀ ਗੁਲਾਮੀ ਤੋਂ ਛੁਟਕਾਰੇ ਨੂੰ ਯਾਦ ਰੱਖਣ ਵਿਚ ਮਦਦ ਕਰਨ ਲਈ ਸਬਤ ਨੂੰ ਮੰਨਣਾ ਸ਼ੁਰੂ ਕੀਤਾ ਗਿਆ ਸੀ (ਬਿਵਸਥਾ 5:15)।

**ਆਇਤ 24.** ਲੋਕਾਂ ਨੇ ਸਬਤ ਤੋਂ ਇਕ ਦਿਨ ਪਹਿਲਾਂ ਆਪਣਾ ਭੋਜਨ ਤਿਆਰ ਕਰਕੇ ਅਤੇ ਰਾਤ ਭਰ ਇਸ ਨੂੰ ਸੰਭਾਲ ਕੇ ਰੱਖਣ ਦੇ ਦੁਆਰਾ **ਮੂਸਾ** ਦੀ ਆਗਿਆਕਾਰੀ ਕੀਤੀ। ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਸਵੇਰ ਤੀਕ ਰੱਖ ਛੱਡਿਆ, ਅਤੇ ਇਸ ਤੇ ਕੋਈ ਬੁਰਾ ਪ੍ਰਭਾਵ ਨਹੀਂ ਸੀ ਹੋਇਆ: **ਉਸ ਵਿੱਚ ਨਾ ਸੜਿਆਹਣ ਸੀ ਅਰ ਨਾ ਹੀ ਕੀੜਾ ਸੀ।** ਇਸ ਤੋਂ ਪਹਿਲਾਂ, ਜਦੋਂ ਇਸਰਾਏਲੀਆਂ ਨੇ ਮੂਸਾ ਦੀ ਆਗਿਆ ਦਾ ਉਲੰਘਣ ਕਰਕੇ ਇਸ ਨੂੰ ਰਾਤ ਭਰ ਸਾਂਭ ਛੱਡਿਆ ਸੀ ਤਾਂ ਭੋਜਨ ਸੜ ਗਿਆ ਸੀ (16:20)। ਪਰ, ਉਸ ਦੀਆਂ ਹਿਦਾਇਤਾਂ ਦੇ ਅਨੁਸਾਰ, ਸਬਤ ਦੇ ਦਿਨ ਇਸ ਤਰ੍ਹਾਂ ਹੋਣ ਨਹੀਂ ਦਿੱਤਾ ਸੀ (16:5)।

**ਆਇਤਾਂ 25, 26. ਮੂਸਾ** ਨੇ ਇਸਰਾਏਲੀਆਂ ਨੂੰ ਕਿਹਾ ਕਿ ਉਸ ਨੂੰ **ਖਾਓ** ਜੋ ਉਨ੍ਹਾਂ ਨੇ ਰਾਤ ਭਰ ਸੰਭਾਲ ਕੇ ਰੱਖਿਆ ਸੀ। ਕਿਉਂਕਿ ਉਹ ਦਿਨ **ਯਹੋਵਾਹ ਦਾ ਸਬਤ** ਸੀ, ਇਸ ਲਈ **ਉਹ ਦੇ ਵਿੱਚ ਉਹ** [ਮੰਨ] ਲੋਕਾਂ ਲਈ **ਨਾ ਹੋਵੇਗਾ।** ਪਰਮੇਸ਼ੁਰ ਇਸ ਚਮਤਕਾਰੀ ਰੋਟੀ ਨੂੰ ਇਕ ਅਜਿਹੇ ਦਿਨ ਵਿਚ ਨਹੀਂ ਦੇਵੇਗਾ ਜਿਸ ਵਿਚ ਉਸ ਨੇ ਉਨ੍ਹਾਂ ਨੂੰ ਅਰਾਮ ਕਰਨ ਦਾ ਹੁਕਮ ਦਿੱਤਾ ਸੀ। ਉਨ੍ਹਾਂ ਦੇ ਕੋਲ ਇਸ ਨੂੰ ਇਕੱਠਾ ਕਰਨ ਦੇ ਲਈ **ਛੇ ਦਿਨ** ਸਨ, ਪਰ **ਸੱਤਵਾਂ ਦਿਨ** ਸੀ ਜਿਸ ਵਿਚ ਉਹ ਉੱਥੇ ਬਿਲਕੁਲ ਨਹੀਂ ਹੋਵੇਗਾ।

**ਆਇਤ 27.** ਜਿਵੇਂ ਇਹ ਨਿਯਮ ਹੈ ਕਿ ਸਵੇਰ ਤਕ ਕੋਈ ਮੰਨ ਨਾ ਰੱਖਿਆ ਜਾਵੇ (16:19, 20), **ਪਰਜਾ ਵਿੱਚੋਂ ਕਈ** ਲੋਕਾਂ ਨੇ ਚੁਣਿਆ ਕਿ ਉਹ ਇਸ ਨੂੰ ਇਕੱਠਾ ਕਰਨ ਦੇ ਸੰਬੰਧ ਵਿਚ ਸਬਤ ਦੇ ਨੇਮ ਨੂੰ ਤੋੜਣਗੇ। ਭਾਵੇਂ ਲਾਲਚ ਦੇ ਕਾਰਣ ਜਾਂ ਪ੍ਰਭੂ ਵਿਚ ਆਪਣੇ ਵਿਸ਼ਵਾਸ ਦੀ ਕਮੀ ਦੇ ਕਾਰਣ, ਇਹ ਲੋਕ ਮੂਸਾ ਦੀ ਗੱਲ ਨੂੰ ਸੁਣਨਾ ਨਹੀਂ ਚਾਹੁੰਦੇ ਸਨ। ਸਪੱਸ਼ਟ ਤੌਰ ਤੇ, ਕੁੱਝ ਇਸਰਾਏਲੀਆਂ ਨੇ ਪ੍ਰਭੂ ਦੀ ਪਰਖ ਨੂੰ ਪਾਸ ਨਹੀਂ ਕੀਤਾ ਸੀ (16:4, 5)। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਉਹ ਮੰਨ **ਇਕੱਠਾ ਕਰਨ ਨੂੰ ਬਾਹਰ ਗਏ**, ਪਰ ਉਨ੍ਹਾਂ ਨੂੰ ਕੁੱਝ ਨਾ ਲੱਭਾ ਤਾਂ ਉਹ ਹੈਰਾਨ ਰਹਿ ਗਏ ਸਨ।

**ਆਇਤ 28.** ਉਨ੍ਹਾਂ ਦੀ ਅਣਆਗਿਆਕਾਰੀ ਦੇ ਉੱਤਰ ਵਿਚ, **ਯਹੋਵਾਹ ਨੇ ਮੂਸਾ ਨੂੰ ਆਖਿਆ, ਤੁਸੀਂ ਕਦ ਤੀਕ ਮੇਰੇ ਹੁਕਮਾਂ ਅਤੇ ਮੇਰੀ ਬਿਵਸਥਾ ਦੇ ਮੰਨਣ ਤੋਂ ਇਨਕਾਰ ਕਰਦੇ ਰਹੋਗੇ?** ਇਸਰਾਏਲ ਦਾ ਆਗੂ ਹੋਣ ਦੇ ਨਾਤੇ ਪਰਮੇਸ਼ੁਰ ਨੇ ਇਹ ਪ੍ਰਸ਼ਨ ਮੂਸਾ ਨੂੰ ਪੁੱਛਿਆ। ਪਰ, ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜਿਸ ਇਬਰਾਨੀ ਕਿਰਿਆ ਦਾ ਅੰਤ (ਤੁਸੀਂ) ਕੀਤਾ ਗਿਆ ਹੈ ਉਹ ਬਹੁਵਚਨ ਹੈ। ਇਸ ਕਾਰਣ, ਕੁੱਝ ਸੰਸਕਰਣਾਂ ਵਿਚ "ਤੁਸੀਂ ਲੋਕ" (CEV; NCV) ਜਾਂ "ਇਹ ਲੋਕ" (NLT) ਕੀਤਾ ਗਿਆ ਹੈ।

**ਆਇਤਾਂ 29, 30.** ਸਪੱਸ਼ਟ ਰੂਪ ਵਿਚ ਪ੍ਰਭੂ ਨਾਰਾਜ਼ ਸੀ, ਪਰ ਇਸ ਮਾਮਲੇ ਵਿਚ ਉਸ ਨੇ ਲੋਕਾਂ ਨੂੰ ਸਜ਼ਾ ਦੇਣਾ ਨਹੀਂ ਚੁਣਿਆ। ਇਸ ਦੀ ਬਜਾਇ, ਉਸ ਨੇ ਆਪਣੇ ਨਿਯਮ ਨੂੰ ਤੋੜਣ ਦੇ ਲਈ ਲੋਕਾਂ ਨੂੰ ਬੁਰੀ ਤਰ੍ਹਾਂ ਨਾਲ ਝਿੜਕਿਆ ਅਤੇ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਇਸ ਨੂੰ ਹੋਰ ਵਧਾਇਆ, **ਕੋਈ ਆਪਣੇ ਵਾਸ ਤੋਂ ਸਬਤ ਉੱਤੇ ਬਾਹਰ ਨਾ ਜਾਵੇ।** ਹੋਰਨਾਂ ਸ਼ਬਦਾਂ ਵਿਚ, ਹਫਤੇ ਦੇ ਸੱਤਵੇਂ ਦਿਨ

ਉਨ੍ਹਾਂ ਨੇ ਮੰਨ ਦੀ ਭਾਲ ਵਿਚ ਜਾਂ ਕਿਸੇ ਹੋਰ ਕਾਰਣ ਡੇਰੇ ਤੋਂ ਬਾਹਰ ਨਹੀਂ ਜਾਣਾ ਸੀ। ਉਸ ਨੇ ਸ਼ਾਇਦ ਇਹ ਵੀ ਕਿਹਾ ਹੋ ਸਕਦਾ ਹੈ ਕਿ ਹਰ ਪਰਿਵਾਰ ਨੂੰ "ਘਰ ਵਿਚ" - ਆਪਣੇ ਤੰਬੂ ਦੇ ਲਾਗੇ ਹੀ ਰਹਿਣਾ ਸੀ। ਇਸ ਹੁਕਮ ਵਿਚ ਇਸ ਗੱਲ ਵੱਲ ਇਸ਼ਾਰਾ ਸੀ ਕਿ ਸਬਤ ਦੇ ਦਿਨ ਲੋਕ ਕੰਮ ਨਾ ਕਰਨ। ਅਸਲ ਵਿਚ, ਇਹੀ ਤਰੀਕਾ ਸੀ, ਜਿਸ ਦੇ ਦੁਆਰਾ ਇਸਰਾਏਲ ਨੇ ਪਰਮੇਸ਼ੁਰ ਦੇ ਨਿਯਮ ਨੂੰ ਸਮਝਣਾ ਸੀ, ਇਸ ਲਈ ਉਨ੍ਹਾਂ ਨੇ **ਸੱਤਵੇਂ ਦਿਨ ਵਿਸਰਾਮ ਕੀਤਾ।**

ਮੰਨ ਦੇ ਵਿਸ਼ੇ ਵਿਚ ਸ਼ਰਾ ਵਿਚ ਕੀ ਸ਼ਾਮਲ ਸੀ ਉਹ ਦਸਾਂ ਹੁਕਮਾਂ ਵਿਚ ਸਪੱਸ਼ਟ ਹੋ ਗਿਆ ਸੀ, ਜੋ ਲਗਭਗ ਇਕ ਮਹੀਨੇ ਬਾਅਦ ਇਸਰਾਏਲ ਨੂੰ ਦਿੱਤੇ ਗਏ ਸਨ।[16] ਪਰਮੇਸ਼ੁਰ ਨੇ ਲੋਕਾਂ ਨੂੰ ਹੁਕਮ ਦਿੱਤਾ ਕਿ "ਤੂੰ ਸਬਤ ਦੇ ਦਿਨ ਨੂੰ ਪਵਿੱਤ੍ਰ ਜਾਣ ਕੇ ਚੇਤੇ ਰੱਖ" (20:8)। ਉਸ ਨੇ ਵਿਸ਼ੇਸ਼ ਤੌਰ ਤੇ ਇਸ ਚੀਜ਼ ਨੂੰ ਜੋੜਿਆ ਕਿ ਉਨ੍ਹਾਂ ਨੇ ਦਿਨ ਨੂੰ ਪਵਿੱਤਰ ਰੱਖਣਾ ਸੀ, ਜਾਂ ਇਸ ਨੂੰ ਹੋਰਨਾਂ ਦਿਨਾਂ ਤੋਂ ਵੱਖਰਾ ਰੱਖਣਾ ਸੀ: "ਪਰ ਸੱਤਵਾਂ ਦਿਨ ਯਹੋਵਾਹ ਤੇਰੇ ਪਰਮੇਸ਼ੁਰ ਦੇ ਲਈ ਸਬਤ ਹੈ। ਤੂੰ ਉਸ ਵਿੱਚ ਕੋਈ ਕੰਮ ਧੰਦਾ ਨਾ ਕਰ" (20:10)।

## ਮੰਨ ਦਾ ਸਾਂਭਿਆ ਜਾਣਾ (16:31-36)

**31ਇਸਰਾਏਲ ਦੇ ਘਰਾਣੇ ਨੇ ਉਸ ਦਾ ਨਾਉਂ ਮੰਨ ਰੱਖਿਆ। ਉਹ ਧਨੀਏ ਵਰਗਾ ਬੱਗਾ ਤੇ ਉਸ ਦਾ ਸੁਆਦ ਸ਼ਹਿਤ ਵਿੱਚ ਪਕਾਏ ਪੂੜੇ ਵਰਗਾ ਸੀ। 32ਮੂਸਾ ਨੇ ਆਖਿਆ, ਏਹ ਉਹ ਗੱਲ ਹੈ ਜਿਹਦਾ ਯਹੋਵਾਹ ਨੇ ਹੁਕਮ ਦਿੱਤਾ ਸੀ ਭਈ ਆਪਣੀ ਪੀੜ੍ਹੀਓਂ ਪੀੜ੍ਹੀ ਲਈ ਉਸ ਤੋਂ ਇੱਕ ਓਮਰ ਭਰ ਕੇ ਰੱਖ ਛੱਡੋ ਤਾਂ ਜੋ ਓਹ ਉਸ ਰੋਟੀ ਨੂੰ ਵੇਖਣ ਜਿਹੜੀ ਮੈਂ ਤੁਹਾਨੂੰ ਉਜਾੜ ਵਿੱਚ ਖਿਲਾਈ ਜਦ ਮੈਂ ਤੁਹਾਨੂੰ ਮਿਸਰ ਦੇਸੋਂ ਕੱਢ ਕੇ ਲੈ ਆਇਆ। 33ਮੂਸਾ ਨੇ ਹਾਰੂਨ ਨੂੰ ਆਖਿਆ, ਇੱਕ ਕੁੱਜਾ ਲੈਕੇ ਉਸ ਵਿੱਚ ਇੱਕ ਪੂਰਾ ਓਮਰ ਮੰਨ ਪਾ ਦੇਹ ਅਤੇ ਉਹ ਯਹੋਵਾਹ ਦੇ ਅੱਗੇ ਰੱਖ ਛੱਡ ਤਾਂ ਜੋ ਤੁਹਾਡੀਆਂ ਪੀੜ੍ਹੀਆਂ ਤੀਕ ਸਾਂਭਿਆ ਰਹੇ। 34ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਹਾਰੂਨ ਨੇ ਸਾਖੀ ਦੇ ਅੱਗੇ ਉਸ ਨੂੰ ਸੰਭਾਲ ਰੱਖਿਆ। 35ਅਤੇ ਇਸਰਾਏਲੀਆਂ ਨੇ ਚਾਲੀ ਵਰਿਹਾਂ ਤੀਕ ਉਸ ਮੰਨ ਨੂੰ ਖਾਧਾ ਜਦ ਤੀਕ ਉਹ ਆਪਣੇ ਵੱਸਣ ਦੀ ਧਰਤੀ ਵਿੱਚ ਨਾ ਆਏ। ਉਨ੍ਹਾਂ ਨੇ ਉਸ ਮੰਨ ਨੂੰ ਖਾਧਾ ਜਦ ਤੀਕ ਓਹ ਕਨਾਨ ਦੇਸ ਦੀਆਂ ਹੱਦਾਂ ਵਿੱਚ ਨਾ ਆਏ। 36ਅਤੇ ਇੱਕ ਓਮਰ ਏਫਾ ਦਾ ਦੱਸਵਾਂ ਹਿੱਸਾ ਹੁੰਦਾ ਹੈ।**

**ਆਇਤ 31.** ਲਿਖਤ ਇਸ ਗੱਲ ਨੂੰ ਸੂਚਿਤ ਕਰਦੀ ਹੈ ਕਿ ਇਸਰਾਏਲੀਆਂ ਨੇ ਸਵਰਗ ਤੋਂ ਉੱਤਰੀ ਇਸ ਰੋਟੀ ਨੂੰ **ਮੰਨ** ਕਿਹਾ (16:15 ਤੇ ਟਿੱਪਣੀਆਂ ਵੇਖੋ)। ਇਹ ਇਸ ਦੇ ਵਿਸ਼ੇ ਵਿਚ ਇੱਕ ਬਿਆਨ ਵੀ ਦਿੰਦਾ ਹੈ: **ਉਹ ਧਨੀਏ ਵਰਗਾ ਬੱਗਾ ਤੇ ਉਸ ਦਾ ਸੁਆਦ ਸ਼ਹਿਤ ਵਿੱਚ ਪਕਾਏ ਪੂੜੇ ਵਰਗਾ ਸੀ** (16:13, 14 ਤੇ ਟਿੱਪਣੀਆਂ ਵੇਖੋ)। "ਧਨੀਆ" ਇਕ ਸਲਾਨਾ ਜੜ੍ਹੀ-ਬੂਟੀ ਸੀ ਜੋ ਆਪਣੀ ਮਿੱਠੀ ਖੁਸ਼ਬੂ ਦੇ ਲਈ ਜਾਣੀ ਜਾਂਦੀ ਸੀ, ਅਤੇ ਇਸ ਦੇ ਬੀਜਾਂ ਨੂੰ ਇਕ ਮਸਾਲੇ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਂਦਾ ਸੀ।

**ਆਇਤ 32.** ਇਸ ਬਿੰਦੂ ਤੋਂ, ਲਿਖਤ ਉਨ੍ਹਾਂ ਘਟਨਾਵਾਂ ਦੇ ਵਿਸ਼ੇ ਵਿਚ ਬੋਲਦਾ ਹੈ ਜੋ ਪਹਿਲਾਂ ਕੀਤੀਆਂ ਗਈਆਂ ਘਟਨਾਵਾਂ ਤੋਂ ਬਾਅਦ ਵਿਚ ਵਾਪਰੀਆਂ ਸਨ। ਇਹ ਉਸ ਦੇ ਨਾਲ ਸੰਬੰਧਤ ਹੈ ਜੋ ਹੈਕਲ ਦੇ ਸੰਪੂਰਣ ਹੋ ਜਾਣ ਤੋਂ ਪਿੱਛੋਂ, ਇਕ ਸਾਲ ਤੋਂ ਵੱਧ ਸਮੇਂ ਤੋਂ ਬਾਅਦ **ਯਹੋਵਾਹ** ਨੇ **ਮੂਸਾ** ਨੂੰ ਕਰਨ ਦੇ ਲਈ ਕਿਹਾ ਸੀ। ਪਰਮੇਸ਼ੁਰ ਨੇ ਆਪਣੇ ਦਾਸ ਨੂੰ ਹਿਦਾਇਤ ਦਿੱਤੀ ਕਿ ਉਹ **ਇੱਕ ਪੂਰਾ ਓਮਰ** ਮੰਨ **ਪੀੜ੍ਹੀਓਂ ਪੀੜ੍ਹੀ** ਇਹ ਯਾਦ ਦਿਵਾਉਣ ਦੇ ਲਈ ਸਾਂਭ ਲਵੇ ਕਿ ਕਿਵੇਂ **ਉਜਾੜ** ਵਿਚ ਇਸਰਾਏਲੀਆਂ ਨੂੰ ਚਮਤਕਾਰੀ ਢੰਗ ਨਾਲ ਭੋਜਨ ਮੁਹੱਈਆ ਕਰਵਾਇਆ ਗਿਆ ਸੀ।

**ਆਇਤਾਂ 33, 34.** ਮੂਸਾ ਨੇ ਹਾਰੂਨ ਨੂੰ ਆਖਿਆ ਕਿ ਮੰਨ ਦਾ **ਕੁੱਜਾ ਯਹੋਵਾਹ ਦੇ ਅੱਗੇ ਰੱਖ ਛੱਡ।** ਇਸ ਲਈ ਹਾਰੂਨ ਨੇ ਉਸ ਨੂੰ **ਸਾਖੀ ਦੇ ਅੱਗੇ** ਰੱਖ ਦਿੱਤਾ। "ਸਾਖੀ" ਸ਼ਰਾ ਦੀਆਂ ਪੱਟੀਆਂ ਦਾ ਉਲੇਖ ਕਰਦੀ ਹੈ (31:18; 32:15; 34:29) ਜੋ ਤੰਬੂ ਦੇ ਵਿਚਲੇ ਭਾਗ ਵਿਚ "ਨੇਮ ਦੇ ਸੰਦੂਕ" ਵਿਚ ਰੱਖੀਆਂ ਹੋਈਆਂ ਸਨ। ਇਸ ਸੰਦੂਕ ਨੂੰ "ਸਾਖੀ ਦੇ ਸੰਦੂਕ" ਵਜੋਂ ਵੀ ਜਾਣਿਆ ਜਾਂਦਾ ਹੈ (25:22; 26:33) ਕਿਉਂਕਿ ਇਸ ਵਿਚ ਦਸਾਂ ਹੁਕਮਾਂ ਵਾਲੀਆਂ ਪੱਟੀਆਂ ਰੱਖੀਆਂ ਹੋਈਆਂ ਸਨ (25:16)। ਡੇਹਰੇ ਦੀ ਉਸਾਰੀ ਤੋਂ ਬਾਅਦ ਮੰਨ ਦੇ ਕੁੱਜੇ ਨੂੰ ਸੰਦੂਕ ਵਿਚ ਰੱਖਿਆ ਗਿਆ। ਇਬਰਾਨੀਆਂ 9:4 ਦੱਸਦੀ ਹੈ ਕਿ ਕੁੱਜਾ ਸੋਨੇ ਦਾ ਬਣਿਆ ਹੋਇਆ ਸੀ, ਅਤੇ ਇਸ ਨੂੰ ਸੰਦੂਕ ਵਿਚ ਨੇਮ ਦੀਆਂ ਪੱਟੀਆਂ ਅਤੇ ਹਾਰੂਨ ਦੀ ਛਿਟੀ ਦੇ ਨਾਲ ਜਿਸ ਵਿਚੋਂ ਲਗਰਾਂ ਫੁੱਟ ਨਿੱਕਲੀਆਂ ਸਨ ਰੱਖਿਆ ਗਿਆ ਸੀ।

**ਆਇਤ 35.** ਖਾਤਾ ਸਮੇਂ ਤੋਂ ਪਹਿਲਾਂ ਹੀ ਸਮਾਪਤ ਹੋ ਜਾਂਦਾ ਹੈ, ਅਗਲੇ **ਚਾਲੀ ਵਰਿਹਾਂ** ਵਿਚ **ਮੰਨ** ਦੇ ਵਿਸ਼ੇ ਵਿਚ ਕੀ ਹੋਇਆ, ਉਸ ਦੇ ਵਿਸ਼ੇ ਵਿਚ ਗੱਲ ਕੀਤੀ ਜਾ ਰਹੀ ਹੈ। **ਇਸਰਾਏਲੀਆਂ** ਨੇ ਉਜਾੜ ਵਿਚ ਚਾਲੀ ਵਰਿਹਾਂ ਤੀਕ ਰੋਟੀ ਖਾਧੀ, **ਜਦ ਤੀਕ ਓਹ ਕਨਾਨ ਦੇਸ ਦੀਆਂ ਹੱਦਾਂ ਵਿੱਚ ਨਾ ਆਏ।** ਇਹ ਸਾਰੇ ਵੇਰਵੇ ਦਰਸਾਉਂਦੇ ਹਨ ਕਿ ਲੇਖਕ ਨੇ ਘਟਨਾਵਾਂ ਨੂੰ ਬਾਅਦ ਦੀ ਤਾਰੀਖ ਤੋਂ ਵੇਖਿਆ। ਪਰ, ਕਿਉਂਕਿ ਇਹ ਆਇਤ ਮੰਨ ਦੇ ਰੁੱਕਣ ਦੀ ਗੱਲ ਨਹੀਂ ਕਰਦੀ, ਇਸ ਲਈ ਇਹ ਹਵਾਲਾ ਹੁਣ ਵੀ ਮੂਸਾ ਦੇ ਦੁਆਰਾ ਲਿਖਿਆ ਗਿਆ ਹੈ।[17] ਜਦੋਂ ਤਕ ਇਸਰਾਏਲੀ ਸੱਚਮੁੱਚ ਕਨਾਨ ਵਿਚ ਦਾਖਲ ਨਹੀਂ ਹੋਏ ਉਦੋਂ ਤਕ ਮੰਨ ਨਹੀਂ ਰੁੱਕਿਆ (ਯਹੋਸ਼ੁਆ 5:12)।

ਇਹ ਆਇਤ ਕਾਵਆਤਮਕ ਸ਼ੈਲੀ ਵਿਚ ਲਿਖੀ ਗਈ ਸੀ, ਕਿਉਂਕਿ ਇਸ ਦੀਆਂ ਲਾਇਨਾਂ ABAB ਨਮੂਨਾ ਬਣਾਉਂਦੀਆਂ ਹਨ:

A1: "ਇਸਰਾਏਲੀਆਂ ਨੇ ਚਾਲੀ ਵਰਿਹਾਂ ਤੀਕ ਉਸ ਮੰਨ ਨੂੰ ਖਾਧਾ,"
  B1: "ਜਦ ਤੀਕ ਉਹ ਆਪਣੇ ਵੱਸਣ ਦੀ ਧਰਤੀ ਵਿੱਚ ਨਾ ਆਏ;"
A2: "ਉਨ੍ਹਾਂ ਨੇ ਉਸ ਮੰਨ ਨੂੰ ਖਾਧਾ"
  B2: "ਜਦ ਤੀਕ ਓਹ ਕਨਾਨ ਦੇਸ ਦੀਆਂ ਹੱਦਾਂ ਵਿੱਚ ਨਾ ਆਏ।"

**ਆਇਤ 36.** ਮੰਨ ਦੀ ਚਰਚਾ ਇਹ ਦੱਸ ਕੇ ਖਤਮ ਹੁੰਦੀ ਹੈ ਕਿ ਇੱਕ **ਓਮਰ ਏਫਾ ਦਾ ਦੱਸਵਾਂ ਹਿੱਸਾ ਹੁੰਦਾ** ਸੀ।[18] ਸ਼ਬਦ "ਏਫਾ" ਬਾਈਬਲ ਦੇ ਇਸੇ ਅਧਿਆਇ ਵਿਚ ਆਉਂਦਾ ਹੈ (16:16, 18, 32, 33, 36)। ਇਸ ਅਗਿਆਤ ਸ਼ਬਦ ਨੇ ਸ਼ਾਇਦ ਇੱਕ ਛੋਟੇ ਕੱਪ ਜਾਂ ਕਟੋਰੇ ਦਾ ਉਲੇਖ ਕੀਤਾ ਹੋ ਸਕਦਾ ਹੈ।

# ਪ੍ਰਾਸੰਗਿਕਤਾ

## ਮੰਨ ਤੋਂ ਸਬਕ (ਅਧਿਆਇ 16)

ਇਸਰਾਏਲ ਦੇ ਜੰਗਲ ਦੇ ਅਨੁਭਵ ਦੀਆਂ ਸਭ ਤੋਂ ਮਹੱਤਵਪੂਰਣ ਘਟਨਾਵਾਂ ਵਿੱਚੋਂ ਇਕ ਘਟਨਾ ਕੂਚ 16 ਵਿਚ ਹੋਈ। ਇਸਰਾਏਲੀਆਂ ਨੂੰ ਭੋਜਨ ਦੀ ਕਮੀ ਹੋਈ, ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਮੰਨਾ ਮੁਹੱਈਆ ਕੀਤਾ। ਕਹਾਣੀ ਸਾਡੇ ਸਿੱਖਣ ਦੇ ਲਈ ਬਹੁਤ ਸਾਰੇ ਪਾਠ ਪੇਸ਼ ਕਰਦੀ ਹੈ।

(1) *ਪਰਮੇਸ਼ੁਰ ਦੀਆਂ ਬਰਕਤਾਂ ਨੂੰ ਯਾਦ ਕਰੋ* (16:1-3)। ਲੋਕ "ਕੁੜ੍ਹਣ ਲੱਗੇ" (16:2); KJV ਕਹਿੰਦੀ ਹੈ ਕਿ ਉਹ "ਬੁੜ ਬੁੜਾਏ," ਅਤੇ NRSV ਵਿਚ "ਸ਼ਿਕਾਇਤ ਕੀਤੀ" ਹੈ। ਇਸ ਸੰਦਰਭ ਵਿਚ ਉਹ ਅੱਠ ਵਾਰ ਕੁੜ੍ਹਕੁੜ੍ਹਾਏ (16:2, 7, 8, 9, 12) ਆਇਆ ਹੈ! ਇਹ ਨਾ ਤਾਂ ਪਹਿਲੀ

ਵਾਰ ਨਾ ਹੀ ਆਖਰੀ ਵਾਰ ਸੀ ਕਿ ਪਰਮੇਸ਼ੁਰ ਦੇ ਲੋਕਾਂ ਨੇ ਸ਼ਿਕਾਇਤ ਕੀਤੀ; ਅਸਲ ਵਿਚ ਉਹ, ਲਗਾਤਾਰ-ਸ਼ਿਕਾਇਤ ਕਰ ਰਹੇ ਸਨ। ਉਨ੍ਹਾਂ ਦੀ ਲੋੜ ਇਕ ਮੂਲ ਲੋੜ ਸੀ, ਪਰ ਉਨ੍ਹਾਂ ਦੇ ਲਈ ਸ਼ਿਕਾਇਤ ਕਰਨੀ ਗਲਤ ਸੀ। ਉਨ੍ਹਾਂ ਨੇ ਸ਼ਿਕਾਇਤ ਕਿਉਂ ਕੀਤੀ? ਉਹ ਭੁੱਲਣਹਾਰ, ਨਾਸ਼ੁਕਰੇ, ਅਤੇ ਵਿਸ਼ਵਾਸ ਦੀ ਕਮੀ ਵਾਲੇ ਸਨ। ਉਹ ਭੁੱਲ ਗਏ ਸਨ ਕਿ ਉਹ ਬੰਧਨ ਵਿਚ ਸਨ ਅਤੇ ਉਨ੍ਹਾਂ ਨੇ ਪਰਮੇਸ਼ੁਰ ਨੂੰ ਪੁਕਾਰਿਆ ਸੀ। (ਮਿਸਰ ਉਸ ਸਮੇਂ ਇੰਨਾ ਆਕਰਸ਼ਕ ਨਹੀਂ ਲੱਗ ਰਿਹਾ ਸੀ!) ਜੋ ਪਰਮੇਸ਼ੁਰ ਨੇ ਪਹਿਲਾਂ ਉਨ੍ਹਾਂ ਦੇ ਲਈ ਕੀਤਾ ਸੀ ਉਹ ਉਸ ਦੇ ਲਈ ਅਹਿਸਾਨਮੰਦ ਨਹੀਂ ਸਨ। ਉਨ੍ਹਾਂ ਵਿਚ ਵਿਸ਼ਵਾਸ ਦੀ ਵੀ ਕਮੀ ਸੀ: ਉਹ ਇਸ ਤੱਥ ਦੀ ਸ਼ਲਾਘਾ ਕਰਨ ਵਿਚ ਅਸਫਲ ਰਹੇ ਕਿ ਉਹ ਪਰਮੇਸ਼ੁਰ ਜੋ ਸਮੁੰਦਰ ਨੂੰ ਪਾੜ ਸਕਦਾ ਹੈ ਕਿ ਉਹ ਸੁੱਕੀ ਜ਼ਮੀਨ ਵਿਚ ਚੱਲ ਸਕਣ ਉਹ ਉਨ੍ਹਾਂ ਨੂੰ ਇਕ ਬੰਜਰ ਧਰਤੀ ਤੇ ਭੋਜਨ ਵੀ ਪ੍ਰਦਾਨ ਕਰ ਸਕਦਾ ਹੈ। ਉਹ ਮੂਸਾ ਅਤੇ ਹਾਰੂਨ ਦੇ ਖ਼ਿਲਾਫ਼ ਬੁੜ ਬੁੜਾਏ, ਪਰ ਅਸਲ ਵਿਚ ਉਨ੍ਹਾਂ ਦੀ ਸ਼ਿਕਾਇਤ ਪਰਮੇਸ਼ੁਰ ਦੇ ਵਿਰੁੱਧ ਸੀ (16:7, 8)।

ਆਓ ਅਸੀਂ ਸਿੱਖੀਏ ਕਿ ਸ਼ਿਕਾਇਤ ਘੱਟ ਕਰਨੀ ਹੈ । ਪੌਲੁਸ ਨੇ ਲੋਕਾਂ ਦੇ ਇਸੇ ਸਮੂਹ ਦੇ ਬਾਰੇ ਕਿਹਾ, ਭਾਵੇਂ ਮੌਕਾ ਕੋਈ ਹੋਰ ਸੀ, "ਅਤੇ ਨਾ [ਅਸੀਂ] ਬੁੜ ਬੁੜ (ਕਰੀਏ) ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ ਨਾਸ ਹੋਏ" (1 ਕੁਰਿੰਥੀਆਂ 10:10)। ਫ਼ਿਲਿੱਪੀਆਂ 2:14 ਕਹਿੰਦੀ ਹੈ, "ਤੁਸੀਂ ਸੱਭੇ ਕੰਮ ਬੁੜ ਬੁੜ ਅਤੇ ਝਗੜੇ ਕਰਨ ਤੋਂ ਬਿਨਾ ਕਰੋ।" ਕਈ ਵਾਰ, ਜਦੋਂ ਮੈਂ ਕਿਸੇ ਨੂੰ ਪੁੱਛਦਾ ਹਾਂ ਕਿ ਉਸ ਦਾ ਕੀ ਹਾਲ ਹੈ, ਤਾਂ ਉਹ ਉੱਤਰ ਦਿੰਦਾ ਹੈ, "ਮੈਂ ਸ਼ਿਕਾਇਤ ਨਹੀਂ ਕਰ ਸਕਦਾ।" ਮੈਂ ਕਦੀ ਕਦੀ ਮਜ਼ਾਕ ਵਿਚ ਜਵਾਬ ਦਿੰਦਾ ਹਾਂ, "ਮੈਂ ਕਰ ਸਕਦਾ ਹਾਂ।" ਜੇਕਰ ਕੋਈ ਵਿਅਕਤੀ ਚਾਹੇ ਤਾਂ ਉਸ ਦੇ ਕੋਲ ਹਮੇਸ਼ਾ ਕੋਈ ਨਾ ਕੋਈ ਸ਼ਿਕਾਇਤ ਹੋ ਸਕਦੀ ਹੈ। ਸਵਾਲ ਇਹ ਹੈ ਕਿ, ਕੀ ਉਹ ਸ਼ਿਕਾਇਤ ਕਰਨਾ ਚੁਣਦਾ ਹੈ, ਜਾਂ ਜੋ ਪਰਮੇਸ਼ੁਰ ਨੇ ਕੀਤਾ ਹੈ ਉਸ ਨੂੰ ਯਾਦ ਕਰਨਾ, ਪਰਮੇਸ਼ੁਰ ਨੇ ਜੋ ਕੀਤਾ ਹੈ ਉਸ ਦੀ ਕਦਰ, ਅਤੇ ਪਰਮੇਸ਼ੁਰ ਵਿਚ ਉਸ ਦਾ ਵਿਸ਼ਵਾਸ ਉਸ ਨੂੰ ਸ਼ਿਕਾਇਤ ਕਰਨ ਤੋਂ ਰੋਕਦਾ ਹੈ?

(2) *ਪਰਮੇਸ਼ੁਰ ਦੇ ਪ੍ਰਬੰਧਾਂ ਤੇ ਭਰੋਸਾ ਰੱਖੋ* (16:4-16)। ਪਰਮੇਸ਼ੁਰ ਨੇ ਇਸਰਾਏਲ ਦੀ ਲੋੜ ਨੂੰ ਪੂਰਾ ਕੀਤਾ। ਉਸ ਨੇ ਸਵੇਰ ਨੂੰ ਮੰਨ ਅਤੇ ਰਾਤ ਨੂੰ ਮਾਸ (ਬਟੇਰੇ) ਮੁਹੱਈਆ ਕਰਵਾਏ। ਇਸ ਤੱਥ ਦੇ ਬਾਵਜੂਦ ਕਿ ਇਹ ਸ਼ਿਕਾਇਤ ਕਰਨ ਵਾਲੇ, ਬੇਵਫ਼ਾ, ਭੁੱਲਣਹਾਰ, ਨਾਸ਼ੁਕਰੇ ਲੋਕ ਮਦਦ ਕੀਤੇ ਜਾਣ ਦੇ ਲਾਇਕ ਨਹੀਂ ਹਨ, ਉਸ ਨੇ ਇਸਰਾਏਲ ਦੀ ਮਦਦ ਕੀਤੀ। ਉਸ ਦੇ ਦੁਆਰਾ ਇਸਰਾਏਲ ਨੂੰ ਮੰਨ ਪ੍ਰਦਾਨ ਕੀਤੇ ਜਾਣ ਦਾ ਇਕ ਕਾਰਣ ਇਹ ਸੀ ਕਿ ਉਹ ਸਿੱਖ ਸਕਣ ਕਿ "ਆਦਮੀ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ ਪਰ ਹਰ ਇੱਕ ਵਾਕ ਨਾਲ ਜਿਹੜਾ ਯਹੋਵਾਹ ਦੇ ਮੂੰਹੋਂ ਨਿੱਕਲਦਾ ਹੈ ..." (ਬਿਵਸਥਾ ਸਾਰ 8:3)।

ਆਓ ਅਸੀਂ ਇਸ ਗੱਲ ਨੂੰ ਸਿੱਖੀਏ ਕਿ ਜਦੋਂ ਅਸੀਂ ਉਸ ਦੀਆਂ ਬਰਕਤਾਂ ਦੇ ਲਾਇਕ ਵੀ ਨਹੀਂ ਹੁੰਦੇ ਤਾਂ ਵੀ ਪਰਮੇਸ਼ੁਰ ਆਪਣੀ ਕਿਰਪਾ ਦੇ ਨਾਲ ਸਾਡੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਭਾਵੇਂ ਅਸੀਂ ਇਸ ਗੱਲ ਦਾ ਦਾਅਵਾ ਨਹੀਂ ਕਰ ਸਕਦੇ ਕਿ ਅਸੀਂ ਉਸ ਦੀ ਕਿਰਪਾ ਦੇ ਯੋਗ ਹਾਂ, ਤਾਂ ਵੀ ਪਰਮੇਸ਼ੁਰ ਭੋਜਨ, ਕੱਪੜੇ ਅਤੇ ਰਹਿਣ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਭਾਵੇਂ ਅਸੀਂ ਭੁੱਲ ਜਾਣ ਵਾਲੇ, ਨਾਸ਼ੁਕਰੇ, ਅਤੇ ਬੇਵਫ਼ਾ ਲੋਕ ਹਾਂ, ਤਾਂ ਵੀ ਉਹ ਲਗਾਤਾਰ ਸਾਨੂੰ ਬਰਕਤ ਦਿੰਦਾ ਹੈ। ਕਿਉਂ? ਉਹ ਦਿਆਲੂ, ਕਿਰਪਾਲੂ, ਅਤੇ ਪ੍ਰੇਮ ਕਰਨ ਵਾਲੇ ਸੁਭਾਅ ਦਾ ਹੈ (34:6; 1 ਯੂਹੰਨਾ 4:8)।

ਵਿਸ਼ੇਸ਼ ਤੌਰ ਤੇ, ਸਾਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਡੀ ਸਭ ਤੋਂ ਵੱਡੀ ਲੋੜ ਨੂੰ - ਸਾਡੇ ਆਤਮਿਕ ਭੋਜਨ ਅਤੇ ਜੀਵਨ ਦੀ ਲੋੜ ਨੂੰ - ਯਿਸੂ ਮਸੀਹ ਦੇ ਦੁਆਰਾ, ਜੋ ਜੀਵਨ ਦੀ ਰੋਟੀ ਹੈ ਪੂਰਾ ਕਰਦਾ ਹੈ। ਯਿਸੂ ਨੇ ਦਾਅਵਾ ਕੀਤਾ ਕਿ ਉਹ "ਸਵਰਗ ਤੋਂ ਉੱਤਰੀ ਰੋਟੀ"

ਹੈ, ਜੋ ਸਦੀਪਕ ਜੀਵਨ ਦਿੰਦੀ ਹੈ। ਇਹ ਕੁਝ ਅਜਿਹਾ ਹੈ ਜੋ ਉਜਾੜ ਵਿਚਲਾ ਮੰਨ ਨਹੀਂ ਕਰ ਸਕਦਾ ਹੈ (ਯੂਹੰਨਾ 6:31-35)।

(3) *ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕਰੋ* (16:16-36)। ਭਾਵੇਂ ਪਰਮੇਸ਼ੁਰ ਨੇ ਮੰਨ ਦਾ ਪ੍ਰਬੰਧ ਕੀਤਾ ਸੀ, ਪਰ ਲੋਕਾਂ ਨੂੰ ਪਰਮੇਸ਼ੁਰ ਦੇ ਕਿਰਪਾ ਨਾਲ ਭਰੇ ਪ੍ਰਬੰਧਾਂ ਦਾ ਲਾਭ ਉਠਾਉਣਾ ਪਿਆ। ਉਨ੍ਹਾਂ ਨੂੰ ਹਰ ਰੋਜ਼ ਉਸ ਦੇ ਹੁਕਮ ਦੇ ਅਨੁਸਾਰ ਮੰਨ ਇਕੱਠਾ ਕਰਨਾ ਪੈਂਦਾ ਸੀ।

ਪਰਮੇਸ਼ੁਰ ਨੇ ਖਾਸ ਹੁਕਮ ਦਿੱਤੇ ਸਨ ਕਿ ਮੰਨ ਨੂੰ ਕਿਵੇਂ ਇਕੱਠਾ ਕਰਨਾ ਸੀ। ਇਸਰਾਏਲੀਆਂ ਨੂੰ ਹਰ ਰੋਜ਼ ਇਕ ਨਿਸ਼ਚਤ ਮਾਤਰਾ, ਅਤੇ ਛੇਵੇਂ ਦਿਨ ਉਸ ਦਾ ਦੁੱਗਣਾ ਇਕੱਠਾ ਕਰਨਾ ਹੁੰਦਾ ਸੀ, ਪਰ ਸੱਤਵੇਂ ਦਿਨ ਕੁਝ ਵੀ ਇਕੱਠਾ ਨਹੀਂ ਕਰਨਾ ਹੁੰਦਾ ਸੀ। ਸਬਤ ਦਾ ਦਿਨ ਇਕ ਵਿਸਰਾਮ ਦਾ ਦਿਨ ਹੋਣਾ ਸੀ। ਇਸ ਹਿਦਾਇਤ ਨੇ ਉਨ੍ਹਾਂ ਦੇ ਉਦਯੋਗ, ਉਨ੍ਹਾਂ ਦੀ ਨਿਹਚਾ, ਅਤੇ ਉਨ੍ਹਾਂ ਦੀ ਵਫ਼ਾਦਾਰੀ ਦੀ ਪਰਖ ਕੀਤੀ। ਕੀ ਉਹ ਰੋਜ਼ਾਨਾ ਇਹ ਕੰਮ ਕਰਣਗੇ? ਕੀ ਉਹ ਪਰਮੇਸ਼ੁਰ ਉੱਤੇ ਭਰੋਸਾ ਕਰਣਗੇ ਕਿ ਉਹ ਛੇਵੇਂ ਦਿਨ ਉਨ੍ਹਾਂ ਨੂੰ ਇਨ੍ਹਾਂ ਦੇਵੇਗਾ ਕਿ ਸੱਤਵੇਂ ਦਿਨ ਤਕ ਉਸ ਨੂੰ ਰੱਖ ਸਕਣ? ਕੀ ਉਹ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਰਣਗੇ? ਕੁਝ ਲੋਕ ਨਹੀਂ ਕਰਣਗੇ। ਜਿਨ੍ਹਾਂ ਨੇ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਨਹੀਂ ਕੀਤਾ ਉਨ੍ਹਾਂ ਨੇ ਬਰਕਤ ਨਹੀਂ ਪਾਈ ਸੀ।

ਆਓ ਅਸੀਂ ਸਿੱਖੀਏ ਕਿ ਪਰਮੇਸ਼ੁਰ ਦੇ ਵਰਦਾਨ ਨੂੰ ਪ੍ਰਾਪਤ ਕਰਨ ਦੇ ਲਈ ਸਾਨੂੰ ਵੀ ਕਾਰਵਾਈ ਕਰਨੀ ਚਾਹੀਦੀ ਹੈ। ਉਦਾਹਰਣ ਦੇ ਲਈ, ਪਰਮੇਸ਼ੁਰ ਸਾਨੂੰ ਭੋਜਨ ਪ੍ਰਦਾਨ ਕਰਦਾ ਹੈ, ਪਰ ਇਸ ਨਾਲ ਸਾਨੂੰ ਜੀਵਿਕਾ ਕਮਾਉਣ ਦੀ ਜ਼ਿੰਮੇਵਾਰੀ ਤੋਂ ਛੁਟਕਾਰਾ ਨਹੀਂ ਮਿਲਦਾ ਹੈ। ਜਦੋਂ ਯਿਸੂ, ਜੋ ਜੀਵਨ ਦੀ ਰੋਟੀ ਹੈ, ਫਲਿਸਤੀਨ ਦੀਆਂ ਪਹਾੜੀਆਂ ਤੇ ਚੱਲੇ, ਤਾਂ ਉਹ ਲੋਕ ਜੋ ਉਸਦੇ ਦੁਆਰਾ ਬਰਕਤ ਪਾਉਣਾ ਚਾਹੁੰਦੇ ਸਨ, ਤਾਂਕਿ ਉਸ ਦੇ ਨਾਲ ਜੀਵਨ ਦੀ ਰੋਟੀ ਵਿਚ ਸ਼ਰੀਕ ਹੋ ਸਕਣ, ਉਨ੍ਹਾਂ ਲੋਕਾਂ ਨੂੰ ਜਿੱਥੇ ਕਿਤੇ ਵੀ ਉਹ ਜਾਂਦਾ ਸੀ ਉਸ ਦੇ ਨਾਲ ਜਾਣਾ ਪਿਆ। ਅੱਜ, ਜੇਕਰ ਅਸੀਂ ਆਪਣੇ ਜੀਵਨਾਂ ਵਿਚ ਜੀਵਨ ਦੀ ਰੋਟੀ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਜ਼ਰੂਰ ਕੁੱਝ ਨਾ ਕੁੱਝ ਕਰਨਾ ਪਵੇਗਾ। ਸਾਨੂੰ ਉਸੇ ਤਰੀਕੇ ਨਾਲ "ਮਸੀਹ ਨੂੰ ਮੁਕਤੀਦਾਤੇ ਦੇ ਰੂਪ ਵਿਚ ਗ੍ਰਹਿਣ" ਕਰਨਾ ਪਵੇਗਾ ਜਿਵੇਂ ਲੋਕਾਂ ਨੇ ਰਸੂਲਾਂ ਦੇ ਕਰਤੱਬ 2 ਅਧਿਆਇ ਵਿਚ ਕੀਤਾ ਸੀ: ਉਸ ਉੱਤੇ ਵਿਸ਼ਵਾਸ ਕਰਨ ਦੇ ਦੁਆਰਾ, ਅਤੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਦੇ ਨਾਮ ਵਿਚ ਬਪਤਿਸਮਾ ਗ੍ਰਹਿਣ ਕਰਨ ਦੇ ਦੁਆਰਾ।

ਜੇਕਰ ਅਸੀਂ ਪਰਮੇਸ਼ੁਰ ਦੇ ਪ੍ਰਬੰਧਾਂ ਦੇ ਦੁਆਰਾ ਬਰਕਤ ਪਾਉਣਾ ਚਾਹੁੰਦੇ ਹਾਂ, ਤਾਂ ਸਾਡੇ ਲਈ ਪਰਮੇਸ਼ੁਰ ਦੇ ਨਿਰਦੇਸ਼ਾਂ ਦੇ ਅਨੁਸਾਰ ਚੱਲਣਾ ਬਹੁਤ ਹੀ ਜ਼ਰੂਰੀ ਹੈ। ਪੁਰਾਣੇ ਨੇਮ ਦੇ ਸਮੇਂ ਵਿਚ, ਜਾਣ-ਬੁੱਝ ਕੇ ਪਰਮੇਸ਼ੁਰ ਦੇ ਨਿਯਮਾਂ ਦੀ ਅਣਆਗਿਆਕਾਰੀ ਕਰਨਾ ਕਦੀ ਵੀ ਸਵੀਕਾਰਨ ਯੋਗ ਨਹੀਂ ਸੀ। ਸਾਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਪਰਮੇਸ਼ੁਰ ਅੱਜ ਵੀ ਸਾਡੇ ਤੋਂ ਇਹੋ ਚਾਹੁੰਦਾ ਹੈ ਕਿ ਅਸੀਂ ਉਸ ਦੀ ਆਗਿਆਕਾਰੀ ਕਰੀਏ (ਮੱਤੀ 7:21; ਇਬਰਾਨੀਆਂ 5:8, 9)। ਪਰਮੇਸ਼ੁਰ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰਨਾ ਆਪਣੇ ਆਪ ਦੇ ਲਈ ਉਸ ਦੀਆਂ ਬਰਕਤਾਂ ਤੋਂ ਇਨਕਾਰ ਕਰਨਾ ਅਤੇ ਉਸ ਦੀ ਸਜ਼ਾ ਨੂੰ ਸੱਦਾ ਦੇਣਾ ਹੈ।

ਜੋ ਪਹਿਲੇ ਸਮਿਆਂ ਵਿਚ ਲਿਖਿਆ ਗਿਆ ਸੀ ਉਹ ਸਾਡੀ ਹਿਦਾਇਤ ਦੇ ਲਈ ਲਿਖਿਆ ਗਿਆ ਸੀ (ਰੋਮੀਆਂ 15:4)। ਆਓ ਅਸੀਂ ਮੰਨ ਦੇ ਬਿਰਤਾਂਤ ਤੋਂ ਸਿੱਖੀਏ। (1) ਸਾਨੂੰ ਸ਼ਿਕਾਇਤ ਨਹੀਂ ਕਰਨੀ ਚਾਹੀਦੀ ਅਤੇ ਨਾਸ਼ੁਕਰਾਪਣ ਨਹੀਂ ਦਿਖਾਉਣਾ ਚਾਹੀਦਾ ਹੈ। (2) ਭਾਵੇਂ ਅਸੀਂ ਯੋਗ ਨਹੀਂ ਹਾਂ, ਪਰ ਪਰਮੇਸ਼ੁਰ ਸਾਨੂੰ ਮੁਹੱਈਆ ਕਰਦਾ ਹੈ ਅਤੇ ਸਾਡੀਆਂ ਲੋੜਾਂ ਨੂੰ ਪੂਰਾ ਕਰਦਾ ਹੈ - ਖਾਸ ਤੌਰ ਤੇ ਯਿਸੂ ਦੇ ਰਾਹੀਂ ਮੁਕਤੀ ਦੀ ਸਾਡੀ ਲੋੜ ਨੂੰ। (3) ਸਾਨੂੰ ਮੁਕਤੀ ਦੇ ਲਈ ਪਰਮੇਸ਼ੁਰ ਦੇ ਪ੍ਰਬੰਧ ਦਾ ਲਾਭ ਉਠਾਉਣ ਦੇ ਲਈ ਕੁੱਝ ਨਾ ਕੁੱਝ ਕਰਨਾ ਚਾਹੀਦਾ ਹੈ। (4) ਸਾਡੇ ਲਈ ਇਹ

ਮਹੱਤਵਪੂਰਣ ਹੈ ਕਿ ਅਸੀਂ ਬਿਨਾਂ ਟੀਕਾ-ਟਿੱਪਣੀ ਕੀਤੇ ਅਤੇ ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨੀਏ।

**"ਸੁਰਗੀ ਰੋਟੀ" (16:4, 15; ਯੂਹੰਨਾ 6)**

ਪਰਮੇਸ਼ੁਰ ਨੇ ਮੰਨ ਨੂੰ "ਸੁਰਗੀ ਰੋਟੀ" ਕਿਹਾ (16:4)। ਪ੍ਰਭੂ ਨੇ ਲੋਕਾਂ ਨੂੰ ਖਾਣ ਦੇ ਲਈ ਇਹ ਰੋਟੀ ਦਿੱਤੀ। ਨਵੇਂ ਨੇਮ ਦੇ ਸਮੇਂ ਵਿਚ, ਯਹੂਦੀਆਂ ਨੇ ਮੰਨ ਨੂੰ ਪਰਮੇਸ਼ੁਰ ਦੁਆਰਾ ਦਿੱਤੀ ਜਾਣ ਵਾਲੀ "ਅਕਾਸ਼ੋਂ ਰੋਟੀ" ਮੰਨਿਆ (ਯੂਹੰਨਾ 6:31)। ਯਿਸੂ ਨੇ ਕਿਹਾ ਕਿ ਉਹ "ਸੁਰਗੋਂ ਸੱਚੀ ਰੋਟੀ" ਸੀ (ਯੂਹੰਨਾ 6:32)। ਸਾਡੀ ਜੀਵਨ ਦੀ ਰੋਟੀ (ਯੂਹੰਨਾ 6:35) ਇਸ ਤਰੀਕੇ ਦੇ ਨਾਲ ਮੰਨ ਦੇ ਸਮਾਨ ਹੈ ਕਿ (1) ਇਹ ਪਰਮੇਸ਼ੁਰ ਤੋਂ ਆਈ, ਜਿਵੇਂ ਮੰਨ ਪਰਮੇਸ਼ੁਰ ਦੇ ਦੁਆਰਾ ਦਿੱਤਾ ਗਿਆ ਸੀ। (2) ਉਹ ਮਨੁੱਖੀ ਲੋੜਾਂ ਨੂੰ ਪੂਰਾ ਕਰਦਾ ਹੈ, ਜਿਵੇਂ ਮੰਨ ਨੇ ਇਸਰਾਏਲੀਆਂ ਦੀਆਂ ਲੋੜਾਂ ਨੂੰ ਪੂਰਾ ਕੀਤਾ। ਪਰ, ਯਿਸੂ ਮੰਨ ਨਾਲੋਂ ਵੱਖਰਾ ਹੈ ਕਿਉਂਕਿ ਉਹ ਜੋ ਉਸ ਦੇ ਕੋਲ ਆਉਂਦੇ ਹਨ ਉਹ ਫਿਰ ਕਦੀ ਭੁੱਖੇ ਨਹੀਂ ਰਹਿਣਗੇ (ਯੂਹੰਨਾ 6:35)। ਜਿਨ੍ਹਾਂ ਨੇ ਮੰਨ ਖਾਧਾ ਉਹ ਮਰ ਗਏ, ਪਰ ਉਹ ਜੋ ਉਸ ਰੋਟੀ ਵਿਚ ਹਿੱਸਾ ਲੈਂਦੇ ਹਨ "ਜਿਹੜੀ ਰੋਟੀ ਸੁਰਗੋਂ ਉੱਤਰਦੀ ਹੈ" ਉਹ ਸਦਾ ਜੀਉਂਦੇ ਰਹਿਣਗੇ (ਯੂਹੰਨਾ 6:47-51)।

**"ਸਾਡੀ ਰੋਜ਼ ਦੀ ਰੋਟੀ" (16:16-21; ਮੱਤੀ 6:11)**

ਪਰਮੇਸ਼ੁਰ ਦੇ ਪ੍ਰਬੰਧ ਮੰਨ ਤੋਂ ਸਾਨੂੰ ਇਹ ਸਿੱਖਣ ਵਿਚ ਮਦਦ ਮਿਲਦੀ ਹੈ ਕਿ ਇਸ ਦਾ ਕੀ ਅਰਥ ਸੀ ਜਦੋਂ ਯਿਸੂ ਨੇ ਕਿਹਾ ਕਿ ਸਾਨੂੰ ਇਸ ਤਰ੍ਹਾਂ ਪ੍ਰਾਰਥਨਾ ਕਰਨੀ ਚਾਹੀਦੀ ਹੈ "ਸਾਡੀ *ਰੋਜ* ਦੀ ਰੋਟੀ ਅੱਜ ਸਾਨੂੰ ਦਿਹ" (ਮੱਤੀ 6:11; ਜ਼ੋਰ ਦਿੱਤਾ ਗਿਆ ਹੈ)। ਲੋਕਾਂ ਨੂੰ ਆਪਣੇ ਭੋਜਨ ਦੇ ਲਈ ਹਰ ਰੋਜ਼ ਪਰਮੇਸ਼ੁਰ ਤੇ ਨਿਰਭਰ ਕਰਨਾ ਚਾਹੀਦਾ ਹੈ; ਭਵਿੱਖ ਦੇ ਲਈ ਮੰਨ ਨੂੰ ਜਮ੍ਹਾਂ ਕਰਨ ਦਾ ਕੋਈ ਲਾਭ ਨਹੀਂ ਸੀ। ਫਿਰ ਵੀ, ਸਾਨੂੰ ਇਹ ਵਿਸ਼ਵਾਸ ਕਰਦੇ ਹੋਏ ਹਰ ਰੋਜ਼ ਕੰਮ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਨੂੰ ਮੁਹੱਈਆ ਕਰਵਾਏਗਾ। ਸਾਨੂੰ ਆਪਣੇ ਕੱਲ ਦੀ ਦੇਖਭਾਲ ਦੇ ਲਈ ਪਰਮੇਸ਼ੁਰ ਦੀ ਦੇਖਭਾਲ ਤੇ ਨਿਰਭਰ ਹੋਣ ਦੀ ਲੋੜ ਹੈ (ਮੱਤੀ 6:34)।

**ਕੰਮ ਕਰਨ ਦੀ ਲੋੜ ਹੈ (16:16)**

ਪ੍ਰਭੂ ਦੀ ਇਹ ਮੰਗ ਕਿ ਇਸਰਾਏਲੀ ਰੋਜ਼ ਮੰਨ ਇਕੱਠਾ ਕਰਨ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪਰਮੇਸ਼ੁਰ ਇਹ ਉਮੀਦ ਕਰਦਾ ਹੈ ਕਿ ਉਸ ਦੇ ਲੋਕ ਆਪਣੀ ਜੀਵਿਕਾ ਦੇ ਲਈ ਨਿਯਮਿਤ ਤੌਰ ਤੇ, ਉਦਯੋਗਿਕ ਤੌਰ ਤੇ ਕੰਮ ਕਰਨ (ਅਫ਼ਸੀਆਂ 4:28)। ਪਰਮੇਸ਼ੁਰ ਨੇ ਸਾਨੂੰ ਹਰ ਚੰਗਾ ਵਰਦਾਨ ਦਿੰਦਾ ਹੈ (ਯਾਕੂਬ 1:17), ਜਿਸ ਵਿਚ ਸਾਡੀ ਰੋਜ਼ ਦੀ ਰੋਟੀ ਵੀ ਸ਼ਾਮਲ ਹੈ; ਪਰ ਤਾਂ ਵੀ ਸਾਨੂੰ ਇਸ ਦੇ ਲਈ ਕੰਮ ਕਰਨ ਦੀ ਲੋੜ ਹੈ।

---

ਟਿੱਪਣੀਆਂ

[1]ਡਬਲਿਯੂ. ਐੱਚ. ਗਿਸਪਨ, *ਐਕਸੋਡਸ,* ਅਨੁਵਾਦ ਐਡ ਵੈਨ ਡਰ ਮਾਸ, ਬਾਈਬਲ ਸਟੂਡੇਂਟਸ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਰੀਜੇਂਸੀ ਰੈਫਰੈਂਸ ਲਾਇਬ੍ਰੇਰੀ, ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1982), 155. [2]ਪੀਟਰ ਐਨਸ, *ਐਕਸੋਡਸ,* NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਜ਼ੋਂਡੇਰਵਨ, 2000), 324. [3]ਵਿਲਬਰ ਫੀਲਡਸ, *ਐਕਸਪਲੋਰਿੰਗ ਐਕਸੋਡਸ,* ਬਾਈਬਲ ਸਟੱਡੀ ਟੈਸਟਬੁੱਕ ਸੀਰੀਜ਼ (ਜੋਪਲਿਨ, ਮਿਸੌਰੀ: ਕਾਲਜ ਪ੍ਰੈੱਸ, 1976), 345. [4]ਗਿਪਸਨ, 159. ਗਿਣਤੀ 16 ਅਤੇ 17 ਵਿਚ ਮੂਸਾ ਦੇ ਅਧਿਕਾਰ ਦੇ ਵਿਰੁੱਧ ਵਿਦਰੋਹ ਦੇ ਨਾਲ ਇਸ ਮੌਕੇ ਦੀ ਤੁਲਨਾ ਕਰੋ। [5]ਲਗਭਗ ਇਕ ਸਾਲ ਬਾਅਦ, ਇਕ ਹੋਰ ਮੌਕਾ, ਜਿਸ ਵਿਚ ਪਰਮੇਸ਼ੁਰ ਨੇ ਬਟੇਰੇ ਪ੍ਰਦਾਨ ਕੀਤੇ ਉਸ ਦਾ ਵਰਣਨ

ਗਿਣਤੀ 11:4-6, 18-23, 31-35 ਕੀਤਾ ਗਿਆ ਹੈ। [6]ਫੀਲਡਸ, 346-47. [7]ਵਿਚਾਰਸ਼ੀਲ ਵਿਦਵਾਨਾਂ ਜਿਵੇਂ ਜੌਨ ਜੇ. ਡੇਵਿਸ, "ਮੰਨ" ਦੇ ਮੂਲ ਅਤੇ ਅਰਥ ਦੇ ਲਈ ਸਮਰਪਿਤ ਹੈ *ਮੋਜਸ ਐਂਡ ਦ ਗੋਡਸ ਆੱਫ਼ ਇਜਿਪਟ: ਸਟੱਡੀਜ਼ ਇਨ ਐਕਸੋਡਸ*, ਦੂਸਰਾ ਸੋਧ (ਗ੍ਰੈਂਡ ਰੇਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1986), 189-90, ਅਤੇ ਬਰੈਂਟ ਏ. ਸਟ੍ਰੋਨ ਦੀ ਚਰਚਾ, "ਮੰਨ," *ਡਿਕਸ਼ਨਰੀ ਆੱਫ਼ ਦਾ ਓਲਡ ਟੈਸਟਾਮੈਂਟ: ਪੈਂਟਾਟਿਊਕ* ਵਿਚ, ਸੋਧ ਟੀ. ਡੇਸਮੰਡ ਐਲਗਜ਼ੇਂਡਰ ਐਂਡ ਡੇਵਿਡ ਡਬਲਿਯੂ. ਬੇਕਰ (ਡਾਨਰਸ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 2003), 560. [8]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਨਰਸ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1973), 131. [9]ਇਨ੍ਹਾਂ ਪਦਾਰਥਾਂ ਦਾ ਵਰਣਨ ਐੱਫ਼. ਐੱਸ. ਬੋਡਨਹੇਮਰ ਵਿਚ ਕੀਤਾ ਗਿਆ ਹੈ, "ਦ ਮੰਨਾ ਆੱਫ਼ ਸੀਨਈ," *ਦ ਬਿਬਲੀਕਲ ਆਰਕੀਲੋਜਿਸਟ* 10 (ਫਰਵਰੀ 1947): 2-6, ਅਤੇ ਨਹੂਮ ਐਮ. ਸਰਨਾ, *ਐਕਸਕਪਲੋਰਿੰਗ ਐਕਸੋਡਸ: ਦ ਓਰਿਜਨਸ ਆੱਫ਼ ਬਿਬਲੀਕਲ ਇਜ਼ਰਾਏਲ* (ਨਿਊ ਯਾਰਕ: ਸ਼ੌਕਨ ਬੁਕਸ, 1996), 117-18. [10]ਗਿਸਪਨ ਵਿਚ ਇਕ "ਕੁਦਰਤੀ" ਸਪੱਸ਼ਟੀਕਰਣ ਦੇ ਖ਼ਿਲਾਫ਼ ਤਰਕ ਦਿੱਤੇ ਗਏ ਹਨ, 156-57, ਅਤੇ ਡੇਵਿਸ, 191-93.

[11]ਜੌਨ ਆਈ. ਡਰਹਮ, *ਐਕਸੋਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 225. [12]ਗਿਸਪਨ, 161. [13]ਉਸੇ ਸਥਾਨ ਤੇ। ਪੌਲੁਸ ਨੇ 2 ਕੁਰਿੰਥੀਆਂ 8:14, 15. [14]ਕੁਝ ਟਿੱਪਣੀਕਾਰਾਂ ਦਾ ਕਹਿਣਾ ਹੈ ਕਿ ਮੰਨ ਨੂੰ ਬੇਕ ਕਰਕੇ ਜਾਂ ਉਬਾਲ ਕੇ ਸੰਭਾਲਿਆ ਗਿਆ ਸੀ (16:23)। ਜਦਕਿ ਇਸਰਾਏਲੀਆਂ ਨੂੰ ਸੱਤਵੇਂ ਦਿਨ ਦੀ ਤਿਆਰੀ ਲਈ ਛੇਵੇਂ ਦਿਨ ਅਜਿਹਾ ਕਰਨ ਦੇ ਲਈ ਕਿਹਾ ਗਿਆ ਸੀ, ਪਰ ਮੰਨ ਨੂੰ ਸੁਰੱਖਿਅਤ ਰੱਖਣ ਦੇ ਲਈ ਉਸ ਨੂੰ ਪਕਾਉਣਾ ਮਹੱਤਵਪੂਰਣ ਨਹੀਂ ਸੀ। ਜੇਕਰ ਅਜਿਹਾ ਹੁੰਦਾ ਤਾਂ ਇਸਰਾਏਲੀ ਇਸ ਨੂੰ ਹਫ਼ਤੇ ਦੇ ਕਿਸੇ ਵੀ ਦਿਨ ਵਿਚ ਸਾਂਭ ਕੇ ਰੱਖ ਸਕਦੇ ਸਨ। ਮੰਨ ਦੀ ਸੰਭਾਲ ਪਰਮੇਸ਼ੁਰ ਨੇ ਚਮਤਕਾਰੀ ਢੰਗ ਨਾਲ ਕੀਤੀ ਸੀ। [15]ਡਰਹਮ, 225. [16]ਕੂਚ 20:10 ਵਿਚ ਹੁਕਮ ਮੰਨ ਦੀ ਲੋੜ ਤੇ ਫੈਲਦਾ ਹੈ ਕਿਉਂਕਿ ਇਹ ਸਿਰਫ ਇਹ ਨਹੀਂ ਕਹਿੰਦਾ ਹੈ, "ਤੁਸੀਂ ਸਬਤ ਦੇ ਦਿਨ ਮੰਨ ਇਕੱਠਾ ਨਾ ਕਰਨਾ"; ਸਗੋਂ, ਇਹ ਕਹਿੰਦਾ ਹੈ, "ਤੂੰ ਉਸ ਵਿੱਚ ਕੋਈ ਕੰਮ ਧੰਦਾ ਨਾ ਕਰ।" [17]ਐਨਸ ਦਾ ਵਿਸ਼ਵਾਸ ਸੀ ਕਿ ਇਸ ਪੈਰੇ ਦੀ ਸਮੱਗਰੀ ਤੋਂ ਸੰਕੇਤ ਮਿਲਦਾ ਹੈ ਕਿ ਮੂਸਾ ਨੇ ਇਸ ਨੂੰ ਨਹੀਂ ਲਿਖਿਆ ਹੈ। (ਐਨਸ, 327-28.) [18]ਇੱਕ ਏਫਾ "ਲਗਭਗ ਬੋਸ਼ਲ ਦੇ ਅੱਧ ਦੇ ਬਰਾਬਰ" ਹੁੰਦਾ ਹੈ। (ਡਰਹਮ, 227.)